ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼

# ਰੋਜ਼ਾਨਾ ਲੋਕ ਬਾਣੀ

DAILY LOKBANI JALANDHAR | ਮੁੱਖ ਸੰਪਾਦਕ : ਅਮਨਦੀਪ ਮਹਿਰਾ | ਮੰਗਲਵਾਰ, 02 ਜੁਲਾਈ 2024

R. N. I. Punpun/29016/2008 ✶ ਸਾਲ 16 , ✶ ਅੰਕ : 29, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫਤਰ : 0181-2211009 ✶ M : 99155-94111




## ਦੇਸ਼ ਵਿਚ ਨਵੇਂ ਫੌਜਦਾਰੀ ਕਾਨੂੰਨ ਲਾਗੂ ਹੋਏ

ਦਿੱਲੀ ( ਲੋਕ ਬਾਣੀ) ਦੇਸ਼ ਵਿੱਚ ਅੱਜ ਤੋਂ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ ਲਾਗੂ ਹੋ ਗਏ, ਜਿਸ ਨਾਲ ਭਾਰਤ ਦੀ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਬਦਲਾਅ ਆਉਣਗੇ। ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) 2023, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀਐੱਨਐੱਸਐੱਸ) 2023 ਅਤੇ ਭਾਰਤੀ ਸਾਕਸ਼ਯ ਅਧੀਨਿਯਮ (ਬੀਐੱਸਏ) 2023 ਅੱਜ ਤੋਂ ਪੂਰੇ ਦੇਸ਼ ਵਿੱਚ ਲਾਗੂ ਹੋ ਗਏ ਹਨ। ਇਨ੍ਹਾਂ ਤਿੰਨੋਂ ਕਾਨੂੰਨਾ ਨੇ ਬਰਤਾਨਵੀ ਕਾਲ ਦੇ ਕਾਨੂੰਨਾਂ ਕ੍ਰਮਵਾਰ ਭਾਰਤੀ ਦੰਡ ਸੰਹਿਤਾ (ਆਈਪੀਸੀ), ਦੰਡ ਪ੍ਰਕਿਰਿਆ ਸੰਹਿਤਾ (ਸੀਆਰਪੀਸੀ) ਅਤੇ ਭਾਰਤ ਸਾਕਸ਼ਯ ਅਧੀਨਿਯਮ ਦੀ ਜਗ੍ਹਾ ਲਈ ਹੈ। ਅੱਜ ਤੋਂ ਸਾਰੀਆਂ ਨਵੀਆਂ ਐੱਫਆਈਆਰਜ਼ ਬੀਐੱਨਐੱਸ ਤਹਿਤ ਦਰਜ ਕੀਤੀਆਂ ਜਾਣਗੀਆਂ। ਹਾਲਾਂਕਿ, ਜਿਹੜੇ ਮਾਮਲੇ ਇਹ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਦਰਜ ਕੀਤੇ ਗਏ ਹਨ ਉਨ੍ਹਾਂ ਦੇ ਅੰਤਿਮ ਨਿਬੇੜੇ ਉਨ੍ਹਾਂ ਮਾਮਲਿਆਂ ਵਿੱਚ ਪੁਰਾਣੇ ਕਾਨੂੰਨਾਂ ਤਹਿਤ ਮੁਕੱਦਮਾ ਚੱਲਦਾ ਰਹੇਗਾ। ਨਵੇਂ ਕਾਨੂੰਨਾਂ ਨਾਲ ਇਕ ਆਧੁਨਿਕ ਨਿਆਂ ਪ੍ਰਣਾਲੀ ਸਥਾਪਤ ਹੋਵੇਗੀ ਜਿਸ ਵਿੱਚ 'ਜ਼ੀਰੋ




ਐੱਫਆਈਆਰ', ਪੁਲੀਸ ਵਿੱਚ ਆਨਲਾਈਨ ਸ਼ਿਕਾਇਤ ਦਰਜ ਕਰਾਉਣਾ, ਇਲੈਕਟ੍ਰੌਨਿਕ ਤਰੀਕੇ ਜਿਵੇਂ ਕਿ 'ਐੱਸਐੱਮਐੱਸ' ਰਾਹੀਂ ਸੰਮਨ ਭੇਜਣ ਅਤੇ ਸਾਰੇ ਗੰਭੀਰ ਅਪਰਾਧਾਂ ਦੇ ਘਟਨਾ ਸਥਾਨ ਦੀ ਜ਼ਰੂਰੀ ਵੀਡੀਓਗ੍ਰਾਫੀ ਵਰਗੇ ਪ੍ਰਬੰਧ ਸ਼ਾਮਲ ਹੋਣਗੇ।

## ਉਤਰ ਪ੍ਰਦੇਸ਼ ਵਿਚ ਸਪਾ ਆਗੂ ਦੇ ਘਰ ਹੋਈ ਗੋਲੀਬਾਰੀ

ਵਾਰਾਨਸੀ ( ਲੋਕ ਬਾਣੀ) ਸਮਾਜਵਾਦੀ ਪਾਰਟੀ ਦੇ ਆਗੂ ਵਿਜੇ ਯਾਦਵ ਦੇ ਦਸ਼ਸ਼ਵਮੇਧ ਖੇਤਰ ਦੇ ਘਰ ਵਿਚ ਹੋਈ ਗੋਲੀਬਾਰੀ ਦੌਰਾਨ 6 ਸਾਲ ਦੇ ਬੱਚੇ ਸਮੇਤ ਕੁੱਲ ਛੇ ਵਿਅਕਤੀ ਜ਼ਖ਼ਮੀ ਹੋ ਗਏ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਸਪਾ ਆਗੂ ਨੇ ਕਿਹਾ ਹੈ ਕਿ ਇਹ ਹਮਲਾ ਉਸਦੇ ਪੂਰੇ ਪਰਿਵਾਰ ਨੂੰ ਮਾਰਨ ਦੀ ਨੀਅਤ ਨਾਲ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਅੰਕਿਤ ਯਾਦਵ, ਸ਼ੋਭਿਤ ਵਰਮਾ, ਗੋਵਿੰਦ ਯਾਦਵ, ਸਾਹਿਲ ਯਾਦਵ ਸਮੇਤ



ਅਣਪਛਾਤਿਆਂ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਘਟਨਾ ਕਾਰਨ ਪੁਲੀਸ ਕਮਿਸ਼ਨਰ ਮੋਹਿਤ ਅੱਗਰਵਾਲ ਵੱਲੋਂ ਦਸ਼ਸ਼ਵਮੇਧ ਦੇ ਥਾਣਾ ਇੰਚਾਰਜ ਰਾਕੇਸ਼ ਪਾਲ ਨੂੰ ਮੁਅੱਤਲ ਕਰ ਕੀਤਾ ਗਿਆ ਹੈ।

## ਅੱਜ ਆਵੇਗਾ ਕਸ਼ਮੀਰੀ ਨੇਤਾ ਦੀ ਸਹੁੰ ਚੁੱਕਣ ਮਾਮਲੇ ਦਾ ਫੈਸਲਾ



ਦਿੱਲੀ (ਲੋਕ ਬਾਣੀ ) ਦੇਸ਼ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਸੋਮਵਾਰ ਨੂੰ ਜੇਲ੍ਹ ਚ ਬੰਦ ਕਸ਼ਮੀਰੀ ਨੇਤਾ ਸ਼ੇਖ ਅਬਦੁਲ ਰਸ਼ੀਦ ਉਰਫ ਇੰਜੀਨੀਅਰ ਰਸ਼ੀਦ ਨੂੰ 25 ਜੁਲਾਈ ਨੂੰ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ। ਵਧੀਕ ਸੈਸ਼ਨ ਜੱਜ ਚੰਦਰ ਜੀਤ ਸਿੰਘ ਮੰਗਲਵਾਰ ਨੂੰ ਇਸ ਤੇ ਫ਼ੈਸਲਾ ਸੁਣਾਉਣਗੇ।

## ਰਾਜਸਥਾਨ ਵਿਚ ਵਾਪਰੇ ਭਿਆਨਕ ਸੜਕ ਹਾਦਸੇ ਚ ਨੌ ਲੋਕਾਂ ਦੀ ਹੋਈ ਮੌਤ

ਰਾਜਸਥਾਨ, (ਲੋਕ ਬਾਣੀ)- ਕਰੌਲੀ ਚ ਕਾਰ ਅਤੇ ਟਰੱਕ ਦੀ ਟੱਕਰ ਚ 9 ਲੋਕਾਂ ਦੀ ਮੌਤ ਹੋ ਗਈ। ਇਸ ਦੌਰਾਨ ਐਸ.ਪੀ. ਬ੍ਰਿਜੇਸ਼ ਜੋਤੀ ਉਪਾਧਿਆਏ ਨੇ ਕਿਹਾ ਕਿ ਇਕ ਐਸ. ਯੂ. ਵੀ. ਅਤੇ ਇਕ ਟਰੱਕ ਵਿਚਕਾਰ ਹਾਦਸਾ ਹੋਇਆ । 9 ਲੋਕਾਂ ਦੀ ਮੌਤ ਹੋ ਗਈ ਅਤੇ 4 ਦਾ ਇਲਾਜ ਚੱਲ ਰਿਹਾ ਹੈ।




ਅਸੀਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰ ਦਿੱਤਾ ਹੈ।

## ਪੰਜਾਬ ਵਿੱਚ ਵਾਪਰੀਆਂ ਹਾਦਸਾ ਟੈਂਪੂ ਨਹਿਰ ਚ ਡਿੱਗਾ

ਚੰਡੀਗੜ੍ਹ (ਵਿਨੋਦ ਸ਼ਰਮਾ) ਇਥੋਂ ਦੀ ਸਰਹਿੰਦ ਨਹਿਰ ਵਿਚ ਇਕ ਥਾਰ ਗੱਡੀ ਨਾਲ ਟਕਰਾਅ ਕੇ ਛੋਟਾ ਟੈਂਪੂ ਨਹਿਰ ਵਿਚ ਜਾ ਡਿੱਗਾ, ਜਿਸ ਵਿਚ ਪੰਜ ਜਣੇ ਸਵਾਰ ਦੱਸੇ ਜਾ ਰਹੇ ਹਨ, ਜੋ ਅਜੇ ਲਾਪਤਾ ਹਨ। ਟੈਂਪੂ ਨਹਿਰ ਵਿਚੋਂ ਬਾਹਰ ਕੱਢ ਲਿਆ ਗਿਆ ਹੈ ਪਰ




ਸਵਾਰਾਂ ਨੂੰ ਲੱਭਣ ਲਈ ਰੈਸਕਿਊ ਟੀਮਾਂ ਪੁੱਜ ਗਈਆਂ ਹਨ।

## ਪੰਜਾਬ ਵਿੱਚ ਇਕ ਹੋਰ ਨੌਜਵਾਨ ਦੀ ਨਸ਼ੇ ਕਾਰਨ ਹੋਈ ਮੌਤ

ਰਾਜਪੁਰਾ (ਲੋਕ ਬਾਣੀ ) ਪੰਜਾਬ ਵਿਚ ਹਰ ਦਿਨ ਨਸ਼ੇ ਕਾਰਨ ਕੋਈ ਨਾ ਕੋਈ ਮਾਂ ਦਾ ਪੁੱਤ ਦੁਨੀਆਂ ਛੱਡ ਜਾਂ ਰਿਹਾ ਹੈ ਤਾਜ਼ਾ ਮਾਮਲਾ ਪਿੰਡ ਜੇਠੂਕੇ ਦੇ ਇਕ ਨੌਜਵਾਨ ਦੀ ਨਸ਼ੇ ਦੀ ਵਧ ਮਾਤਰਾ ਲੈਣ ਕਾਰਨ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੇ ਪਿਤਾ ਸੁਖਪਾਲ ਸਿੰਘ ਪੁੱਤਰ ਨੰਦ ਸਿੰਘ ਨੇ ਥਾਣਾ ਸਦਰ ਰਾਮਪੁਰਾ ਪੁਲਿਸ ਨੂੰ ਲਿਖਵਾਏ ਬਿਆਨਾਂ ਵਿਚ ਦੱਸਿਆ ਕਿ ਬੀਤੀ ਸ਼ਾਮ ਜਦੋਂ ਉਹ ਆਪਣੀ ਪਤਨੀ ਨਾਲ ਕਿਸੇ ਕੰਮਕਾਰ ਲਈ ਪਿੰਡ ਦੇ ਸ਼ਮਸ਼ਾਨਘਾਟ ਕੋਲੋਂ ਲੰਘ ਰਹੇ ਸਨ




ਤਾਂ ਨੇੜੇ ਹੀ ਉਨ੍ਹਾਂ ਦਾ ਬੇਟਾ ਮਨੀ ਸਿੰਘ ਉਮਰ ਕਰੀਬ 22 ਸਾਲ ਤੜਫ ਰਿਹਾ ਸੀ ਅਤੇ ਉਕਤ ਵਿਅਕਤੀ ਉਸਨੂੰ ਕਥਿਤ ਤੌਰ ਉਤੇ ਨਸ਼ੇ ਦੀ ਵਧ ਮਾਤਰਾ ਦੇ ਕੇ ਤੜਫਦੇ ਨੂੰ ਛੱਡ ਕੇ ਭੱਜ ਗਏ।

## ਦੇਸ਼ ਦੇ ਵਿਦਿਆਰਥੀ ਵਰਗ ਦਾ ਕੈਨੇਡਾ ਜਾਣ ਤੋਂ ਮੋਹ ਹੋਇਆ ਭੰਗ

ਜਲੰਧਰ (ਹਰਬੰਸ ਬਿੱਟੂ ) ਸਾਡੇ ਦੇਸ਼ ਦਾ ਜ਼ਿਆਦਾਤਰ ਨੌਜਵਾਨ ਵਰਗ ਵਿਦੇਸ਼ ਜਾਣ ਦਾ ਚਾਹਵਾਨ ਹੁੰਦਾ ਹੈ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਲੰਮੇ ਸਮੇਂ ਤੋਂ ਪਸੰਦੀਦਾ ਦੇਸ਼ ਸੀ ਪਰ ਹੁਣ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੁੰਦਾ ਜਾ ਰਿਹਾ ਹੈ। ਵੱਖ-ਵੱਖ ਕਾਰਨਾਂ ਕਰਕੇ ਪਿਛਲੇ ਇੱਕ ਸਾਲ ਵਿੱਚ ਭਾਰਤੀ ਵਿਦਿਆਰਥੀਆਂ ਵਿੱਚ ਕੈਨੇਡਾ ਲੋਕਪ੍ਰਿਅ ਨਹੀਂ ਰਿਹਾ। ਆਈ.ਆਰ.ਸੀ.ਸੀ ਦੇ ਅੰਕੜਿਆਂ ਅਨੁਸਾਰ ਮਾਰਚ 2024 ਵਿੱਚ ਸਿਰਫ 4,210 ਭਾਰਤੀ ਵਿਦਿਆਰਥੀਆਂ ਨੇ ਅਧਿਐਨ ਪਰਮਿਟ ਲਈ ਅਰਜ਼ੀ ਦਿੱਤੀ ਹੈ। ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਸਿਰਫ 83.16% ਹੈ। ਮਾਰਚ 20




22 ਅਤੇ ਮਾਰਚ 2023 ਵਿੱਚ 25 ਹਜ਼ਾਰ ਭਾਰਤੀ ਵਿਦਿਆਰਥੀਆਂ ਨੇ ਸਟੱਡੀ ਪਰਮਿਟ ਲਈ ਅਰਜ਼ੀ ਦਿੱਤੀ ਸੀ ਤੇ ਹੁਣ ਵਿਦਿਆਰਥੀਆਂ ਵਿਚ ਉਤਸ਼ਾਹ ਘਟ ਰਿਹਾ ਹੈ

## ਹੋਮ ਗਾਰਡ ਦਾ ਮੁਲਾਜ਼ਮ ਜੇਲ੍ਹ ਵਿਚ ਕਰਦਾ ਸੀ ਫੋਨ ਸਪਲਾਈ

ਲੁਧਿਆਣਾ ( ਸੁਖਚੈਨ ਮਹਿਰਾ) ਪੰਜਾਬ ਦੀਆਂ ਜੇਲ੍ਹਾਂ ਹਮੇਸ਼ਾ ਹੀ ਸੁਰਖਿਆ ਵਿਚ ਰਹਿੰਦਿਆਂ ਹਨ ਤਾਜ਼ਾ ਮਾਮਲਾ ਥਾਣਾ ਡਵੀਜ਼ਨ ਨੰਬਰ 7 ਦੀ ਪੁਲਸ ਨੇ ਹੋਮਗਾਰਡ ਦੇ ਮੁਲਾਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪੰਜਾਬ ਹੋਮਗਾਰਡ ਮੁਲਾਜ਼ਮ ਕੁਲਵਿੰਦਰ ਸਿੰਘ ਤੇ




ਬ੍ਰੋਸਟਲ ਜੇਲ੍ਹ ਦੇ ਹੈਡ ਵਾਰਡਨ ਹਰਜੀਤ ਸਿੰਘ ਦੀ ਸ਼ਿਕਾਇਤ ਤੇ ਮਾਮਲਾ ਦਰਜ ਹੋਇਆ ਹੈ।ਕਿ ਉਹ ਜੇਲ੍ਹ ਵਿਚ ਮੋਟੀ ਰਕਮ ਲੈ ਕੇ ਫੋਨ ਸਪਲਾਈ ਕਰਦਾ ਸੀ

## ਕਲਯੁਗ ਚ 14 ਸਾਲਾਂ ਬੱਚੀ ਨੇ ਦਿੱਤਾ ਮ੍ਰਿਤਕ ਬੱਚੇ ਨੂੰ ਜਨਮ

ਲੁਧਿਆਣਾ ( ਸੁਖਚੈਨ ਮਹਿਰਾ) ਕਲਯੁਗ ਚ ਇਕ ਹੋਰ ਕਰਤੂਤ ਸਾਹਮਣੇ ਆਈ ਨਾਨਕੇ ਗਈ 14 ਸਾਲਾ ਬੱਚੀ ਨੇ ਇਕ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ ਹੈ। ਜਦੋਂ ਮਾਂ ਨੇ ਪੁੱਛਿਆ ਤਾਂ ਬੱਚੀ ਨੇ ਦੱਸਿਆ ਕਿ ਗੁਆਂਢੀ ਨੇ ਉਸ ਨਾਲ ਜਬਰ ਜ਼ਿਨਾਹ ਕੀਤਾ ਸੀ।




ਪੁਲਸ ਵੱਲੋਂ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਇਸ ਖਬਰ ਦੀ ਪੰਜਾਬ ਭਰ ਵਿੱਚ ਚਰਚਾ ਚੱਲ ਰਹੀ ਹੈ



# ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਵਲੋਂ ਜ਼ਿਮਨੀ ਚੋਣਾਂ ਤੋਂ ਪਹਿਲਾਂ ਜਲੰਧਰ 'ਚ ਵਿਸ਼ਾਲ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ- ਮੈਡਮ ਬਰਿੰਦਰਜੀਤ ਕੌਰ ਛੀਨਾ



ਚੰਡੀਗੜ੍ਹ (ਲੋਕ ਬਾਣੀ)-ਸਰਵ ਆਂਗਣਵਾੜੀ ਯੂਨੀਅਨ ਦੀ ਪੰਜਾਬ ਪ੍ਰਧਾਨ ਮੈਡਮ ਬਰਿੰਦਰਜੀਤ ਕੌਰ ਛੀਨਾ ਵਲੋਂ ਪ੍ਰੈੱਸ ਬਿਆਨ ਸਾਂਝਾ ਕਰਦੇ ਹੋਏ ਜਾਣਕਾਰੀ ਦਿੱਤੀ ਕਿ ਸਰਕਾਰ ਵਲੋਂ ਕਾਫ਼ੀ ਲੰਮੇ ਸਮੇਂ ਤੋਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੀਆਂ ਮੰਗਾਂ ਨੂੰ ਅੱਖੋ ਪਰੋਖੇ ਕੀਤਾ ਜਾ ਰਿਹਾ ਹੈ। ਜਿਸ ਕਾਰਨ ਸੂਬੇ ਭਰ ਦੀਆਂ ਆਂਗਣਵਾੜੀ ਵਰਕਰਾਂ-ਹੈਲਪਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿ, ਇੰਨੀ ਮਹਿੰਗਾਈ ਵਿਚ ਉਹ ਨਿਗੂਣੇ ਜਿਹੇ ਮਾਣਭੱਤੇ ਤੇ ਕੰਮ ਕਰਨ ਲਈ ਮਜਬੂਰ ਹਨ। ਜਦਕਿ ਸਰਕਾਰ ਦੀ ਹਰ ਲੋਕ ਭਲਾਈ ਸਕੀਮਾਂ ਨੂੰ ਗਰਾਊਂਡ ਲੈਵਲ ਤੇ ਇਹਨਾ ਵਲੋ ਲੋਕਾਂ ਤਕ ਪਹੁੰਚਾਇਆ ਜਾਂਦਾ ਹੈ।

ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਅਪਣੇ ਏਜੰਡੇ ਵਿਚ ਮਾਣਭੱਤਾ ਦੁੱਗਣਾ ਕਰਨ ਦਾ ਵਾਅਧਾ ਕੀਤਾ ਸੀ ਜੋ ਕਿ ਢਾਈ ਸਾਲ ਬੀਤਣ ਤੋਂ ਬਾਅਦ ਵੀ ਆਂਗਣਵਾੜੀ ਵਰਕਰਾਂ ਹੈਲਪਰ ਦਾ ਮਾਣ ਭੱਤਾ ਦੁਗਣਾ ਕਰਨਾ ਤਾਂ ਦੂਰ ਦੀ ਗਲ ਇਹਨਾ ਵਰਕਰਾਂ ਹੈਲਪਰ ਦੀ ਕੋਈ ਸਾਰ ਤਕ ਨਹੀਂ ਲਈ ਗਈ। ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਤਕ ਨਹੀਂ ਦਿੱਤਾ ਗਿਆ। ਇਸਦੇ ਨਾਲ ਹੀ ਯੂਨੀਅਨ ਮੰਗ ਕਰਦੀ ਹੈ ਕਿ ਸਰਕਾਰ ਜਲਦ ਤੋ ਜਲਦ ਮਾਣਭੱਤਾ ਦੁੱਗਣਾ ਕਰੇ, ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜ਼ਾ ਦੇਵੇ।

3 ਤੋਂ 6 ਸਾਲ ਦੇ ਬਚਿਆਂ ਨੂੰ ਆਂਗਣਵਾੜੀ ਕੇਂਦਰਾਂ ਵਿਚ ਮੁੜ ਵਾਪਸ ਕਰਨ, ਸੁਪਰਵਾਈਜ਼ਰ ਭਰਤੀ ਵਿਚ ਵਿੱਦਿਅਕ ਯੋਗਤਾ ਨੂੰ ਵਿਚਾਰਿਆ ਜਾਵੇ, 10 ਸਾਲਾਂ ਪਾਲਿਸੀ ਅਧੀਨ ਵਰਕਰ ਹੇਲਪਰ ਨੂੰ ਪਕੇ ਕੀਤਾ ਜਾਵੇ।ਸੇਵਾ ਮੁਕਤੀ ਸਮੇਂ ਦਿੱਤਾ ਜਾਣ ਵਾਲਾ ਐਕਸਗਰੇਸ਼ੀਆ ਵਿੱਚ ਵਾਧਾ ਕੀਤਾ ਜਾਵੇ,ਅਤੇ ਪੈਨਸ਼ਨ ਗਰਚਾਰਟੀ ਦਾ ਪਰਬੰਧ ਕੀਤਾ ਜਾਵੇ।

ਇਹਨਾਂ ਮੰਗਾਂ ਨੂੰ ਕੇ ਜਲੰਧਰ ਵਿੱਚ 6 ਜੁਲਾਈ ਨੂੰ ਵਿਸ਼ਾਲ ਰੋਸ ਮਾਰਚ ਦਾ ਐਲਾਨ ਕੀਤਾ ਗਿਆ ਹੈ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਮੰਗਾਂ ਤੇ ਵਿਚਾਰ ਨਾ ਕੀਤਾ ਗਿਆ ਅਤੇ ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਨਾ ਤੈਅ ਕੀਤਾ ਗਿਆ ਤਾਂ ਮਜਬੂਰਨ ਪੰਜਾਬ ਭਰ ਵਿਚ ਸਰਵ ਆਂਗਣਵਾੜੀ ਮੁਲਾਜ਼ਮਾਂ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਜਾਣਗੇ, ਜਿਸ ਦੀ ਜਿੰਮੇਵਾਰ ਸਰਕਾਰ ਖੁਦ ਹੋਵੇਗੀ।

# ਮੌਸਮ ਵਿਭਾਗ ਪੰਜਾਬ ਵੱਲੋਂ ਭਾਰੀ ਮੀਂਹ ਦਾ ਅਲਰਟ !




ਚੰਡੀਗੜ੍ਹ (ਲੋਕ ਬਾਣੀ)
: ਮੌਸਮ ਵਿਭਾਗ ਪੰਜਾਬ ਦੇ ਵਲੋਂ ਸੂਬੇ ਭਰ ਦੇ ਅੰਦਰ ਭਾਰੀ ਮੀਂਹ ਦੇ ਨਾਲ ਨਾਲ ਅਸਮਾਨੀ ਬਿਜਲੀ ਡਿੱਗਣ ਦੀ ਚੇਤਾਵਨੀ ਦਿੱਤੀ ਹੈ। ਦੱਸ ਦਈਏ ਕਿ, ਉੱਤਰੀ ਭਾਰਤ ਵਿੱਚ ਮਾਨਸੂਨ ਆ ਗਿਆ ਹੈ। ਪੰਜਾਬ ਦੇ ਕਈ ਹਿੱਸਿਆਂ ਸਮੇਤ ਉੱਤਰ ਭਾਰਤ 'ਚ ਭਾਰੀ ਮੀਂਹ ਪੈ ਰਿਹਾ ਹੈ, ਜਿਸ ਕਾਰਨ ਲੋਕਾਂ ਨੂੰ ਕਹਿਰ ਦੀ ਗਰਮੀ ਤੋਂ ਰਾਹਤ ਮਿਲੀ ਹੈ।ਪਹਿਲੀ ਬਾਰਿਸ਼ ਨੇ ਰਾਜਧਾਨੀ ਵਿੱਚ 88 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਮੌਸਮ ਵਿਭਾਗ ਨੇ ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਭਾਰਤ ਵਿੱਚ ਭਾਰੀ ਬਾਰਿਸ਼ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ।ਮੌਸਮ ਵਿਭਾਗ (9$4) ਨੇ ਕਿਹਾ ਕਿ ਅਗਲੇ 4-5 ਦਿਨਾਂ ਤੱਕ ਉੱਤਰ-ਪੱਛਮੀ ਅਤੇ ਉੱਤਰ-ਪੂਰਬੀ ਭਾਰਤ ਵਿੱਚ ਭਾਰੀ ਤੋਂ ਬਹੁਤ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।

ਆਈਐਮਡੀ ਮੁਤਾਬਕ 30 ਜੂਨ ਤੋਂ 2 ਜੁਲਾਈ ਤੱਕ ਚੰਡੀਗੜ੍ਹ, ਪੰਜਾਬ, ਹਿਮਾਚਲ ਪ੍ਰਦੇਸ਼, ਦਿੱਲੀ ਐਨਸੀਆਰ, ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਵਿੱਚ ਮੌਸਮ ਸੁਹਾਵਣਾ ਰਹੇਗਾ। ਅਸਮਾਨ ਵਿੱਚ ਕਾਲੇ ਬੱਦਲ ਹੋਣਗੇ ਅਤੇ ਭਾਰੀ ਮੀਂਹ ਪਵੇਗਾ।

ਮੌਸਮ ਵਿਭਾਗ ਨੇ ਦਿੱਲੀ-ਐਨਸੀਆਰ ਵਿੱਚ ਮੀਂਹ ਦਾ ਅਲਰਟ ਜਾਰੀ ਕੀਤਾ ਹੈ। ਸੈਟੇਲਾਈਟ ਅਤੇ ਰਾਡਾਰ ਚਿੱਤਰਾਂ ਦੇ ਅਨੁਸਾਰ, ਉੱਤਰੀ ਦਿੱਲੀ, ਨਵੀਂ ਦਿੱਲੀ, ਮੱਧ ਅਤੇ ਦੱਖਣੀ ਦਿੱਲੀ ਵਿੱਚ ਤੂਫ਼ਾਨ ਦੇ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋ ਰਹੀ ਹੈ।

# ਪੁਰਾਣੀ ਪੈਨਸ਼ਨ ਅਤੇ ਕੱਟੇ ਹੋਏ ਭੱਤਿਆਂ ਨੂੰ ਜਲਦ ਬਹਾਲ ਕਰੇ ਪੰਜਾਬ ਸਰਕਾਰ -ਜੀਟੀਯੂ ਪੰਜਾਬ



(ਲੋਕ ਬਾਣੀ) ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾ ਇਕਾਈ ਦੀ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਅਤੇ ਸੂਬਾ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਅਤੇ ਸਹਾਇਕ ਪ੍ਰੈਸ ਗਣੇਸ਼ ਭਗਤ ਨੇ ਦੱਸਿਆ ਕਿ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਪੰਜਾਬ ਸਰਕਾਰ ਵੱਲੋਂ ਲੱਖਾਂ ਹੀ ਮੁਲਾਜ਼ਮਾਂ ਦੇ ਭਵਿੱਖ ਦੀ ਡੰਗੋਰੀ ਪੁਰਾਣੀ ਪੈਨਸ਼ਨ ਅਤੇ ਪਿਛਲੀ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਕੱਟੇ ਹੋਏ ਅਨੇਕਾਂ ਭੱਤਿਆਂ ਨੂੰ ਬਹਾਲ ਨਹੀਂ ਕੀਤਾ ਜਾਂਦਾ ਤਾਂ ਤਦ ਤੱਕ ਪੰਜਾਬ ਦੇ ਅਧਿਆਪਕ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਬੈਨਰ ਹੇਠ ਹਰ ਸੰਭਵ ਸੰਘਰਸ਼ ਲੜਨਗੇ ਜਿਸ ਦੀ ਨਿਰੋਲ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸੁਖਵਿੰਦਰ ਚਾਹਲ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਮੌਜੂਦਾ ਸਰਕਾਰ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਸ ਨਾਲੋਂ ਵੱਧ 92 ਸੀਟਾਂ ਜਿਤਾਉਣ ਵਿੱਚ ਮੁਲਾਜ਼ਮ ਵਰਗ ਦਾ ਬਹੁਤ ਵੱਡਾ ਰੋਲ ਰਿਹਾ ਹੈ। ਪਰ ਸ਼ਾਇਦ ਬਾਅਦ ਵਿੱਚ ਭਗਵੰਤ ਮਾਨ ਸਰਕਾਰ ਕਿਸੇ ਭੁਲੇਖੇ ਦਾ ਸ਼ਿਕਾਰ ਹੋ ਗਈ ਜਿਸ ਦੇ ਨਤੀਜੇ ਵਜੋਂ ਲੋਕ ਸਭਾ ਚੋਣਾਂ 2024 ਦੌਰਾਨ ਮੌਜੂਦਾ ਸਰਕਾਰ ਨੂੰ ਕਾਫੀ ਨਮੋਸ਼ੀ ਝੱਲਣੀ ਪਈ ਕਿਉਂਕਿ ਇਹ ਮੁਲਾਜ਼ਮਾਂ ਦਾ ਸੰਘਰਸ਼ ਹੀ ਸੀ ਕਿ 13 ਸੀਟਾਂ ਜਿੱਤਣ ਦੀ ਆਸ ਲਾਈ ਬੈਠੀ ਸਰਕਾਰ ਸਿਰਫ ਤਿੰਨ ਸੀਟਾਂ ਹੀ ਜਿੱਤ ਸਕੀ। ਉਹਨਾਂ ਕਿਹਾ ਕਿ ਮੌਜੂਦਾ ਸਿੱਖਿਆ ਦੇ ਢਾਂਚੇ ਵਿੱਚ ਕੰਪਿਊਟਰ ਅਧਿਆਪਕਾਂ ਦਾ ਬਹੁਤ ਹੀ ਅਹਿਮ ਰੋਲ ਹੈ ਪਰ ਸਰਕਾਰ ਵੱਲੋਂ ਇਹਨਾਂ ਅਧਿਆਪਕਾਂ ਦੀ ਸਿੱਖਿਆ ਵਿਭਾਗ ਵਿੱਚ ਪੂਰੇ ਸਕੇਲਾਂ ਤੇ ਮਰਜ਼ ਹੋਣ ਦੀ ਇੱਕੋ-ਇੱਕ ਮੰਗ ਨੂੰ ਅਣਗੋਲਿਆਂ ਕੀਤਾ ਜਾ ਰਿਹਾ ਹੈ ਜੋ ਕਿ ਬਹੁਤ ਮੰਦਭਾਗੀ ਗੱਲ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ ਨੇ ਪੰਜਾਬ ਦੇ ਸਿੱਖਿਆ ਮੰਤਰੀ ਤੋਂ ਮੰਗ ਕੀਤੀ ਕਿ ਉਹ ਨਿੱਜੀ ਰੂਪ ਵਿੱਚ ਦਖ਼ਲ ਦੇ ਕੇ ਅਧਿਆਪਕਾਂ ਦੇ ਹਰ ਵਰਗ ਦੀਆਂ ਪਦ-ਉੱਨਤੀਆਂ ਅਤੇ ਬਦਲੀਆਂ ਪੂਰੀ ਤਰ੍ਹਾਂ ਪਾਰਦਰਸ਼ੀ ਢੰਗ ਨਾਲ ਪਹਿਲ ਦੇ ਆਧਾਰ ਤੇ ਕਰਾਉਣ ਤਾਂ ਜੋ ਪੰਜਾਬ ਦੇ ਸਕੂਲਾਂ ਨੂੰ ਪ੍ਰਿੰਸੀਪਲ /ਮੁੱਖ-ਅਧਿਆਪਕ ਅਤੇ ਵਿਦਿਆਰਥੀਆਂ ਨੂੰ ਹਰ ਵਿਸ਼ੇ ਦੇ ਅਧਿਆਪਕ ਮਿਲ ਸਕਣ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਸਿੱਖਿਆ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਾਲ 2023-24 ਦੀਆਂ ਗਰਾਂਟਾਂ ਜੋ ਅਚਾਨਕ ਸਰਕਾਰ ਵੱਲੋਂ ਵਾਪਸ ਲੈ ਲਈਆਂ ਸਨ ਨੂੰ ਜਲਦ ਮੁੜ ਸਕੂਲਾਂ ਨੂੰ ਜਾਰੀ ਕੀਤੀਆਂ ਜਾਣ ਤਾਂ ਜੋ ਅਧਿਆਪਕਾਂ ਵੱਲੋਂ ਜੇਬਾਂ ਵਿਚੋਂ ਖਰਚੇ ਪੈਸੇ ਵਾਪਸ ਮਿਲ ਸਕਣ। ਮੀਟਿੰਗ ਵਿੱਚ ਅਧਿਆਪਕ ਵਰਗ ਦੇ ਅਨੇਕਾਂ ਗੰਭੀਰ ਮਸਲਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਉੱਚ ਅਧਿਕਾਰੀਆਂ ਨੂੰ ਅਧਿਆਪਕ ਮੰਗਾਂ ਤੇ ਏਜੰਡੇ ਦਿੱਤੇ ਗਏ। ਇਸ ਮੌਕੇ ਸੂਬਾ ਕਮੇਟੀ ਮੈਂਬਰ ਰਵਿੰਦਰ ਪੱਪੀ ,ਬਲਵਿੰਦਰ ਭੁੱਟੋ, ਰਜੀਵ ਹਾਂਡਾ ,ਜਸਵਿੰਦਰ ਸਮਾਣਾ ,ਸੁੱਚਾ ਸਿੰਘ ਟਰਪਈ ,ਮਨਪ੍ਰੀਤ ਸਿੰਘ ਮੋਹਾਲੀ, ਜਗਜੀਤ ਮਾਨ, ਪ੍ਰਿਤਪਾਲ ਸਿੰਘ ਚੌਟਾਲਾ ,ਸੰਜੀਵ ਧੂਤ ,ਵਿਕਾਸ ਸ਼ਰਮਾ, ਸੁਰਜੀਤ ਸਿੰਘ ਮੋਹਾਲੀ,ਗੁਰਮੇਲ ਸਿੰਘ ਕੁਰੜੀਆਂ ਅਮਰਜੀਤ ਸਿੰਘ ਫਤਿਹਗੜ੍ਹ ਸਾਹਿਬ, ਭੁਪਿੰਦਰ ਸਿੰਘ ਫਿਰੋਜ਼ਪੁਰ, ਨਿਸ਼ਾਨ ਸਿੰਘ ਸਮੇਤ ਅਨੇਕਾਂ

# ਲੋਕ ਵਿਰੋਧੀ ਫੌਜਦਾਰੀ ਕਾਨੂੰਨ ਲਾਗੂ ਕਰਨ ਅਤੇ ਅਰੁੰਧਤੀ ਰਾਏ ਅਤੇ ਪ੍ਰੋ: ਸ਼ੇਖ ਸ਼ੌਕਤ ਹੁਸੈਨ ਖਿਲਾਫ ਯੂ.ਏ.ਪੀ.ਏ ਲਾਉਣ ਖਿਲਾਫ ਰੋਸ ਪ੍ਰਦਰਸ਼ਨ

ਗੁਰਦਾਸਪੁਰ -ਨਵਨੀਤ ਕੁਮਾਰ-

ਅੱਜ ਸਮੂਹ ਕਿਸਾਨ ਮਜ਼ਦੂਰ ਮੁਲਾਜ਼ਮ ਲੇਖਕ ਵਿਦਿਆਰਥੀ ਨੌਜਵਾਨ ਜਮਹੂਰੀ ਅਤੇ ਤਰਕਸ਼ੀਲ ਜੱਥੇਬੰਦੀਆਂ ਵੱਲੋਂ ਅਰੁੰਧਤੀ ਰਾਏ ਅਤੇ ਪ੍ਰੋ ਸ਼ੇਖ ਸ਼ੌਕਤ ਹੁਸੈਨ ਖਿਲਾਫ ਯੂ.ਏ.ਪੀ.ਏ ਦਾ ਮੁੱਕਦਮਾ ਚਲਾਉਣ ਅਤੇ ਫੌਜਦਾਰੀ ਕਾਨੂੰਨਾਂ ਵਿੱਚ ਤਬਦੀਲੀਆਂ ਕਰਕੇ ਹੋਰ ਲੋਕ ਮਾਰੂ ਬਣਾਉਣ ਖਿਲਾਫ ਸਮੂਹ ਜਨਤਕ ਜਥੇਬੰਦੀਆਂ ਦੇ ਆਗੂਆਂ ਦੀ ਪ੍ਰਧਾਨਗੀ ਹੇਠ ਗੁਰੂ ਨਾਨਕ ਪਾਰਕ ਵਿਖੇ ਵਿਸ਼ਾਲ ਰੈਲੀ ਕਰਨ ਉਪਰੰਤ ਕਾਨੂੰਨ ਦੀਆਂ ਕਾਪੀਆਂ ਸਾੜ੍ਹੀਆਂ ਗਈਆਂ ਅਤੇ ਉਕਤ ਵਿਅਕਤੀਆਂ ਖਿਲਾਫ ਯੂ.ਏ.ਪੀ.ਏ ਦਾ ਮੁਕੱਦਮਾ ਰੱਦ ਕਰਨ ਅਤੇ ਲੋਕ ਵਿਰੋਧੀ ਹੋ ਤਾਰੀ ਕਨੂੰਨਾ ਨੂੰ ਲਾਗੂ ਨਾ ਕਰਨ ਲਈ ਰਾਸ਼ਟਰਪਤੀ ਦੇ ਨਾਮ ਡਿਪਟੀ ਕਮਿਸ਼ਨਰ ਸਾਹਿਬ ਰਾਹੀਂ ਮੰਗ ਪੱਤਰ ਭੇਜਿਆ ਗਿਆ।ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਜਮਹੂਰੀ ਕਿਸਾਨ ਸਭਾ ਦੇ ਆਗੂ ਮੱਖਣ ਕੁਹਾੜ ਨੇ ਨਿਭਾਈ।

ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸਤਿਬੀਰ ਸਿੰਘ ਸੁਲਤਾਨੀ, ਪੰਜਾਬ ਸਟੂਡੈਂਟਸ ਯੂਨੀਅਨ ਦੇ ਅਮਰ ਕ੍ਰਾਂਤੀ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਸੁਖਦੇਵ ਸਿੰਘ ਭਾਗੋਕਾਵਾਂ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਸੰਜੀਵ ਮਿੰਟੂ ਨੇ ਕਿਹਾ ਕਿ ਮੋਦੀ ਸਰਕਾਰ ਭਾਂਵੇ ਕਿ ਬਹੁਗਿਣਤੀ ਵਿੱਚ ਕੇਂਦਰ ਸਰਕਾਰ ਬਣਾਉਣ ਵਿੱਚ ਅਸਫਲ ਰਹੀ ਹੈ, ਪਰ ਪਿਛਲੀ ਸਮੇਂ ਬਣਾਏ ਕਾਨੂੰਨਾਂ ਨੂੰ ਲਾਗੂ ਕਰਕੇ ਆਪਣੇ ਫਾਸ਼ੀਵਾਦੀ ਕਿਰਦਾਰ ਨੂੰ ਜਿਉਂ ਦੇ ਤਿਉਂ ਬਰਕਰਾਰ ਕਰੀ ਬੈਠੀ ਹੈ।ਉਹਨਾਂ ਕਿਹਾ ਕਿ ਆਪਣੇ ਏਜੰਡੇ ਤਹਿਤ ਬੁੱਧੀਜੀਵੀ ਅਤੇ ਲੇਖਕਾਂ ਨੂੰ ਨਿਸ਼ਾਨੇ ਉੱਪਰ ਲੈਂਦੇ ਹੋਏ ਸੰਸਾਰ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਪ੍ਰੋ ਸ਼ੇਖ ਸ਼ੌਕਤ ਹੁਸੈਨ ਖਿਲਾਫ 14 ਸਾਲ ਪੁਰਾਣੇ ਮਾਮਲੇ ਵਿੱਚ ਯੂ.ਏ.ਪੀ.ਏ ਤਹਿਤ ਮੁਕੱਦਮਾ ਚਲਾਉਣ ਦੀ ਕਵਾਇਦ ਸ਼ੁਰੂ ਕੀਤੀ ਗਈ ਹੈ, ਅਤੇ ਦੋਹਾਂ ਨੂੰ ਹੀ ਗ੍ਰਿਫਤਾਰ ਕਰਨ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਹਨ।ਉਹਨਾਂ ਮੰਗ ਕਰਦਿਆਂ ਕਿਹਾ ਕਿ ਇਹਨਾਂ ਦੋਹਾਂ ਸਮੇਤ ਹੋਰਨਾਂ ਬੁੱਧੀਜੀਵੀਆਂ ਖਿਲਾਫ ਦਰਜ ਯੂ.ਏ.ਪੀ.ਏ ਨੂੰ ਵਾਪਿਸ ਲਿਆ ਜਾਵੇ ਅਤੇ ਇਸ ਯੂ.ਏ.ਪੀ.ਏ ਨੂੰ ਰੱਦ ਕੀਤਾ ਜਾਵੇ।

ਇਸ ਮੌਕੇ ਬੀਕੇਯੂ ਡਕੌਂਦਾ ਤੇ ਪ੍ਰਧਾਨ ਗੁਰਵਿੰਦਰ ਸਿੰਘ ਜੀਵਨ ਚੱਕ ਅਤੇ ਮੰਗਤ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਅਸ਼ੋਕ ਭਾਰਤੀ, ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਬਲਬੀਰ ਸਿੰਘ ਰੰਧਾਵਾ, ਤਰਕਸ਼ੀਲ ਸੁਸਾਇਟੀ ਦੇ ਤਰਲੋਚਨ ਸਿੰਘ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ(ਰਾਜੇਵਾਲ) ਦੇ ਬਲਬੀਰ ਬੈਂਸ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੁਰਿੰਦਰ ਸਿੰਘ ਕੋਠੇ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਦੇ ਆਗੂ ਅਤੇ ਜਿਲ੍ਹਾ ਸਾਹਿਤ ਕੇਂਦਰ ਦੇ ਪ੍ਰਧਾਨ ਡਾ ਲੇਖ ਰਾਜ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਬਲਬੀਰ ਸਿੰਘ ਮੱਲ੍ਹੀ ਨੇ ਕਿਹਾ ਕੇਂਦਰ ਦੀ ਤਾਨਾਸ਼ਾਹੀ ਤੇ ਫਾਸ਼ੀਵਾਦੀ ਸਰਕਾਰ 3 ਨਵੇਂ ਫੌਜਦਾਰੀ ਕਾਨੂੰਨ ਤੇ ਕਿਰਤ ਕੋਡ ਪਹਿਲੀ ਜੁਲਾਈ ਤੋਂ ਲਾਗੂ ਕਰਨ ਜਾ ਰਹੀ ਹੈ। ਇਹ ਫੌਜਦਾਰੀ ਕਾਨੂੰਨ ਲਾਗੂ ਹੋਣ ਨਾਲ ਲੋਕਾਂ ਦੀ ਨਿੱਜੀ ਆਜ਼ਾਦੀ ਤੇ ਵਿਚਾਰ ਪ੍ਰਗਟਾਏ ਦੀ ਆਜ਼ਾਦੀ ਖ਼ਤਰੇ ਵਿਚ ਪੈ ਜਾਵੇਗੀ ਕਿਉਂਕਿ ਸਰਕਾਰ ਦੀ ਕੋਈ ਵੀ ਨੀਤੀ ਤੇ ਕਾਰਵਾਈ ਦੀ ਆਲੋਚਨਾ ਅਸਹਿਮਤੀ ਦੇ ਘੇਰੇ ਵਿੱਚ ਆ ਜਾਵੇਗੀ ਤੇ ਆਲੋਚਨਾ ਕਰਨ ਵਾਲੇ ਖ਼ਿਲਾਫ਼ ਪੁਲੀਸ ਕੇਸ ਦਰਜ਼ ਕਰ ਸਕਦੀ ਹੈ। ਇਹ ਤਿੰਨੇ ਕਾਨੂੰਨਾਂ ਦੀ ਵਰਤੋਂ ਗਰੀਬਾਂ, ਕਮਜ਼ੋਰਾਂ ਤੇ ਵਿਸ਼ੇਸ਼ ਤੌਰ ਤੇ ਵਿਰੋਧੀਆਂ ਖਿਲਾਫ਼ ਹੋਵੇਗੀ। ਉਹਨਾਂ ਤੋਂ ਇਲਾਵਾ ਪਾਲ ਸਿੰਘ ਚੀਮਾ ਖੁੱਡੀ ਗੁਰਦੀਪ ਸਿੰਘ ਕਲੀਜਪੁਰ ਬਲਬੀਰ ਸਿੰਘ ਮੱਲੀ ਪੰਜਾਬ ਖੇਤ ਮਜਦੂਰ ਯੂਨੀਅਨ ਰਣਜੀਤ ਸਿੰਘ ਜਿਲਾ ਸੈਦ ਕੇਂਦਰ ਤੇ ਜਨ ਸਕੱਤਰ ਮੰਗਤ ਚੰਚਲ ਸੀਤਲ ਸਿੰਘ ਗੁਨੋਪੁਰੀ ਸੁੱਚਾ ਸਿੰਘ ਪਸਨਾਵਾਲ ਰਾਜ ਕੁਮਾਰ ਪੰਡੋਰੀ ਗੁਰਦੀਪ ਸਿੰਘ ਮੁਸਤਫਬਾਦ ਅਜੀਤ ਸਿੰਘ ਹੁੰਦਲ ਅਮਰਜੀਤ ਸਿੰਘ ਸੈਣੀ ਸਵਿੰਦਰ ਸਿੰਘ ਕਲਸੀ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਡਾਕਟਰ ਜੀਵਨ ਲਾਲ ਹੋਣਾ ਸਭ ਦਾ ਧੰਨਵਾਦ ਕੀਤਾ




## ਰੋਜ਼ਗਾਰ ਵਿਭਾਗ ਮੋਗਾ ਵੱਲੋਂ ਬਲਾਕ ਪੱਧਰੀ ਰੋਜ਼ਗਾਰ ਕੈਂਪ 4 ਜੁਲਾਈ ਨੂੰ ਪਿੰਡ ਧੱਲੇਕੇ ਵਿਖੇ

ਮੋਗਾ (ਲੋਕ ਬਾਣੀ) ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ ਮੋਗਾ ਵੱਲੋਂ 4 ਜੁਲਾਈ 2024 ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ, ਪੰਜ ਪੀਰੀ ਗੁਰਦੁਆਰਾ ਸਾਹਿਬ , ਨੇੜੇ ਸਟੇਡੀਅਮ, ਪਿੰਡ ਧੱਲੇਕੇ, ਬਲਾਕ ਤੇ ਜਿਲ੍ਹਾ ਮੋਗਾ ਵਿਖੇ ਇੱਕ ਬਲਾਕ ਪੱਧਰੀ ਰੋਜ਼ਗਾਰ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਮੋਗਾ ਸ਼੍ਰੀਮਤੀ ਡਿੰਪਲ ਥਾਪਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਪ੍ਰਾਈਵੇਟ ਕੰਪਨੀਆਂ ਜਿਵੇਂ ਕਿ ਸ਼੍ਰੀ ਰਾਮ ਫਾਇਨਾਂਸ, ਸੈਟਿਨ ਕ੍ਰੈਡਿਟ, ਐਲ.ਆਈ.ਸੀ, ਇਜਾਇਲ ਹੈਲਥ ਕੇਅਰ ਅਤੇ ਚੈੱਕਮੇਟ ਆਦਿ ਵੱਲੋਂ ਵੱਖ—ਵੱਖ ਅਸਾਮੀਆਂ ਸਬੰਧੀ ਇੰਟਰਵਿਊ ਦੀ ਪ੍ਰਕਿਰਿਆ ਦੁਆਰਾ ਯੋਗ ਪ੍ਰਾਰਥੀਆਂ ਦੀ ਚੋਣ ਕੀਤੀ ਜਾਵੇਗੀ।

ਉਹਨਾਂ ਜ਼ਿਲ੍ਹਾ ਮੋਗਾ ਦੇ ਚਾਹਵਾਨ ਪ੍ਰਾਰਥੀਆਂ ਨੂੰ ਅਪੀਲ ਕੀਤੀ ਕਿ ਜੋ ਪ੍ਰਾਰਥੀ ਅੱਠਵੀਂ, ਦਸਵੀਂ, ਬਾਰ੍ਹਵੀ ਅਤੇ ਗ੍ਰੈਜੂਏਟ ਪਾਸ ਹਨ, ਉਮਰ 18—35 ਹੈ, ਉਹ ਇਸ ਕੈਂਪ ਵਿੱਚ ਹਿੱਸਾ ਲੈ ਸਕਦੇ ਹਨ। ਇੰਟਰਵਿਊ ਦੇਣ ਆਉਣ ਵਾਲੇ ਪ੍ਰਾਰਥੀ ਆਪਣੀ ਵਿਦਿਅਕ ਯੋਗਤਾ ਦੇ ਅਸਲ ਸਰਟੀਫਿਕੇਟ ਦੇ ਨਾਲ ਉਹਨਾਂ ਦੀਆਂ ਫੋਟੋ ਕਾਪੀਆਂ, ਆਧਾਰ ਕਾਰਡ, ਪੈਨ ਕਾਰਡ, ਰਿਜਿਊਮ, ਪਾਸਪੋਰਟ ਸਾਈਜ ਫੋਟੋਆਂ, ਡਰਾਇਵਿੰਗ ਲਾਇਸੈਂਸ ਆਦਿ ਲੈ ਕੇ ਜ਼ਰੂਰ ਆਉਣ।

ਉਹਨਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਚਿਨਾਬ ਜਿਹਲਮ ਬਲਾਕ, ਤੀਜੀ ਮੰਜਿਲ, ਡੀ.ਸੀ.ਕੰਪਲੈਕਸ, ਨੈਸਲੇ ਦੇ ਸਾਹਮਣੇ, ਮੋਗਾ ਜਾਂ ਦਫ਼ਤਰ ਦੇ ਹੈਲਪਲਾਈਨ ਨੰਬਰ: 62392—66860 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਡੇਂਗੂ, ਮਲੇਰੀਆ ਰੋਕਥਾਮ ਲਈ ਜ਼ਿਲ੍ਹੇ ਵਿੱਚ 71 ਬਰੀਡਿੰਗ ਚੈੱਕਰ ਕੀਤੇ ਨਿਯੁਕਤ - ਚੇਅਰਮੈਨ ਰਮਨ ਬਹਿਲ

ਗੁਰਦਾਸਪੁਰ-ਨਵਨੀਤ ਕੁਮਾਰ –

ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ। ਅੱਜ ਤੋਂ ਪੂਰੇ ਜ਼ਿਲ੍ਹੇ ਵਿੱਚ ਬਰੀਡਿੰਗ ਚੈਕਿੰਗ ਸ਼ੁਰੂ ਕੀਤੀ ਜਾ ਰਹੀ ਹੈ। ਇਹ ਗੱਲ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਜੀ ਨੇ ਦਫ਼ਤਰ ਸਿਵਲ ਸਰਜਨ ਗੁਰਦਾਸਪੁਰ ਵਿਖੇ 71 ਬਰੀਡਿੰਗ ਚੈੱਕਰ ਦੀ ਨਿਯੁਕਤੀ ਸਮੇਂ ਆਪਣੇ ਸੰਬੋਧਨ ਵਿੱਚ ਕਹੀ। ਚੇਅਰਮੈਨ ਸ੍ਰੀ ਰਮਨ ਬਹਿਲ ਜੀ ਨੇ ਕਿਹਾ ਕਿ ਹਰ ਸਾਲ ਮੱਛਰਾਂ ਕਾਰਨ ਬਹੁਤ ਸਾਰੇ ਰੋਗ ਫੈਲਦੇ ਹਨ, ਜੋ ਕਿ ਜਾਨਲੇਵਾ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਇਨ੍ਹਾਂ ਮੌਤਾਂ ਨੂੰ ਰੋਕਿਆ ਜਾਵੇ । ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਅੱਜ ਤੋਂ ਮੱਛਰ ਅਤੇ ਇਸ ਲਾਰਵਾ ਦੇ ਖ਼ਾਤਮੇ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਬਰੀਡਿੰਗ ਚੈੱਕਰ ਘਰਾਂ, ਦਫ਼ਤਰਾਂ , ਬਿਲਡਿੰਗਾਂ ਵਿੱਚ ਜਾ ਕੇ ਮੱਛਰ ਦਾ ਲਾਰਵਾ ਚੈੱਕ ਕਰਨਗੇ। ਉਨ੍ਹਾਂ ਕਿਹਾ ਕਿ ਲਾਰਵਾ ਨਸ਼ਟ ਕਰਕੇ ਮੱਛਰਾਂ ਦੀ ਰੋਕਥਾਮ ਕੀਤੀ ਜਾਵੇਗੀ । ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿ ਕਿਹਾ ਉਹ ਵੀ ਸਿਹਤ ਵਿਭਾਗ ਨੂੰ ਇਸ ਮੁਹਿੰਮ ਵਿੱਚ ਸਹਿਯੋਗ ਕਰਨ, ਤਾਂ ਜੋ ਮੱਛਰਾਂ ਤੋਂ ਹੋਣ ਵਾਲੇ ਰੋਗਾਂ ਤੋਂ ਬਚਿਆ ਜਾ ਸਕੇ।



ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਵਿੰਮੀ ਮਹਾਜਨ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਛੱਪੜਾਂ ਵਿੱਚ ਗੰਬੂਜ਼ੀਆ ਮੱਛੀਆਂ ਪਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰੇਕ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸਿਹਤ ਮੁਲਾਜ਼ਮ ਡਰਾਈ ਡੇ ਮਨਾਉਂਦੇ ਹਨ। ਇਸ ਦੌਰਾਨ ਜਿੱਥੇ ਵੀ ਪਾਣੀ ਖੜ੍ਹਾ ਮਿਲੇ ਅਤੇ ਮੱਛਰ ਪੈਦਾ ਹੋਣ ਦਾ ਖ਼ਦਸ਼ਾ ਹੋਵੇ , ਉੱਥੇ ਪਾਣੀ ਨੂੰ ਖੜ੍ਹਾ ਹੋਣ ਤੋਂ ਰੋਕਿਆ ਜਾਂਦਾ ਹੈ। ਆਲੇ ਦੁਆਲੇ ਦੀ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਦੇ ਲੱਛਣਾਂ ਬਾਰੇ ਜਾਗਰੂਕ ਕਰਦੇ ਹੋਏ ਇਸ ਦੀ ਰੋਕਥਾਮ ਕੀਤੀ ਜਾ ਰਹੀ ਹੈ।

ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਜ਼ਿਲ੍ਹਾ ਸਿਹਤ ਅਫ਼ਸਰ ਡਾ.ਸਵਿਤਾ, ਡੀਡੀਐੱਚਓ ਡਾ. ਲੋਕੇਸ਼ ਗੁਪਤਾ, ਡੀਐਮਸੀ ਡਾ. ਰੋਮੀ ਰਾਜਾ ਮਹਾਜਨ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ.ਪ੍ਰਭਜੋਤ ਕੌਰ ਕਲਸੀ, ਡਾ. ਮਮਤਾ, ਮਾਸ ਮੀਡੀਆ ਅਫ਼ਸਰ ਵਿਜੇ ਠਾਕੁਰ ਆਦਿ ਹਾਜ਼ਰ ਸਨ।

# ਫ਼ੌਜ ਸਮੇਤ ਹੋਰ ਸੁਰੱਖਿਆ ਫੋਰਸਾਂ ਵਿੱਚ ਭਰਤੀ ਹੋਣ ਦੀ ਮੁਫ਼ਤ ਸਿਖਲਾਈ ਦਿੰਦਾ ਹੈ ਸੀ-ਪਾਈਟ ਕੇਂਦਰ ਡੇਰਾ ਬਾਬਾ ਨਾਨਕ

ਗੁਰਦਾਸਪੁਰ-ਨਵਨੀਤ ਕੁਮਾਰ -
ਗੁਰੂ ਨਾਨਕ ਸਾਹਿਬ ਦੀ ਪਾਵਨ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਸੀ-ਪਾਈਟ ਕੇਂਦਰ ਨੌਜਵਾਨਾਂ ਨੂੰ ਭਾਰਤੀ ਫ਼ੌਜ, ਪੰਜਾਬ ਪੁਲਿਸ, ਬੀ.ਐੱਸ.ਐੱਫ ਅਤੇ ਸੀ.ਆਰ.ਪੀ.ਐੱਫ ਸਮੇਤ ਵੱਖ-ਵੱਖ ਸੁਰੱਖਿਆ ਬਲਾਂ ਵਿੱਚ ਭਰਤੀ ਲਈ ਯੋਗ ਬਣਾਉਣ ਦਾ ਬਹੁਤ ਵਧੀਆ ਉਪਰਾਲਾ ਕਰ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸਾਲ 2005 ਵਿੱਚ ਸ਼ੁਰੂ ਕੀਤੇ ਇਸ ਸੀ-ਪਾਈਟ ਕੈਂਪ ਤੋਂ ਹੁਣ ਤੱਕ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਹਜ਼ਾਰਾਂ ਹੀ ਨੌਜਵਾਨਾਂ ਸਿਖਲਾਈ ਲੈ ਕੇ ਫ਼ੌਜ ਸਮੇਤ ਹੋਰ ਸੁਰੱਖਿਆ ਫੋਰਸਾਂ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਇੱਕ ਕੈਂਪ ਦੌਰਾਨ 100 ਨੌਜਵਾਨਾਂ ਨੂੰ ਮੁਫ਼ਤ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਇਹ ਕੈਂਪ ਤਿੰਨ ਮਹੀਨੇ ਦਾ ਹੁੰਦਾ ਹੈ। ਇਸ ਦੌਰਾਨ ਨੌਜਵਾਨਾਂ ਦਾ ਰਹਿਣ-ਸਹਿਣ ਬਿਲਕੁਲ ਮੁਫ਼ਤ ਹੁੰਦਾ ਹੈ ਅਤੇ ਉਨ੍ਹਾਂ ਨੂੰ ਤਿੰਨ ਟਾਈਮ ਦਾ ਖਾਣਾ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਵੀ ਕੋਈ ਭਰਤੀ ਰੈਲੀ ਆਉਂਦੀ ਹੈ ਤਾਂ ਸੀ-ਪਾਈਟ ਡੇਰਾ ਬਾਬਾ ਨਾਨਕ ਵਿਖੇ ਵਿਸ਼ੇਸ਼ ਸਿਖਲਾਈ ਕੈਂਪ ਵੀ ਲਗਾਏ ਜਾਂਦੇ ਹਨ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸ੍ਰੀ ਪਰਸ਼ੋਤਮ ਸਿੰਘ ਨੇ ਅੱਗੇ ਦੱਸਿਆ



ਕਿ ਸਿਖਲਾਈ ਕੈਂਪ ਦੌਰਾਨ ਕੋਚ ਸਾਹਿਬਾਨ ਵੱਲੋਂ ਨੌਜਵਾਨਾਂ ਨੂੰ ਫਿਜ਼ੀਕਲ ਟਰੇਨਿੰਗ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਫਿਜ਼ੀਕਲੀ ਹਰ ਉਹ ਈਵੈਂਟ ਕਰਵਾਇਆ ਜਾਂਦਾ ਹੈ ਜੋ ਫ਼ੌਜ ਜਾਂ ਹੋਰ ਫੋਰਸਾਂ ਦੀ ਭਰਤੀ ਦੌਰਾਨ ਫਿਜ਼ੀਕਲ ਟੈੱਸਟ ਵੇਲੇ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਨੌਜਵਾਨ ਪੂਰੀ ਮਿਹਨਤ ਨਾਲ ਤਿੰਨ ਮਹੀਨੇ ਦੀ ਸਿਖਲਾਈ ਸੀ-ਪਾਈਟ ਕੈਂਪ ਤੋਂ ਕਰ ਲੈਂਦਾ ਹੈ ਤਾਂ ਉਹ ਬੜੀ ਅਸਾਨੀ ਨਾਲ ਫ਼ੌਜ, ਬੀ.ਐੱਸ.ਐੱਫ਼, ਸੀ.ਆਰ.ਪੀ.ਐੱਫ਼, ਪੰਜਾਬ ਪੁਲਿਸ ਦੀ ਭਰਤੀ ਵੇਲੇ ਸਾਰੇ ਸਰੀਰਕ ਟੈੱਸਟ ਪਾਸ ਕਰ ਲੈਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਨੌਜਵਾਨਾਂ ਨੂੰ ਲਿਖਤੀ ਟੈੱਸਟ ਦੀ ਤਿਆਰੀ ਵੀ ਕਰਵਾਈ ਜਾਂਦੀ ਹੈ ਤਾਂ ਜੋ ਸਰੀਰਕ ਟੈੱਸਟ ਪਾਸ ਕਰਨ ਤੋਂ ਬਾਅਦ ਜੋ ਲਿਖਤੀ ਟੈੱਸਟ ਲਿਆ ਜਾਂਦਾ ਹੈ ਨੌਜਵਾਨ ਉਸ ਵਿਚੋਂ ਵੀ ਪਾਸ ਹੋ ਕੇ ਭਰਤੀ ਹੋ ਸਕਣ। ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਕਿਹਾ ਕਿ ਸੀ-ਪਾਈਟ ਡੇਰਾ ਬਾਬਾ ਨਾਨਕ ਵਿਖੇ ਸਮੇਂ-ਸਮੇਂ ਇਹ ਸਿਖਲਾਈ ਕੈਂਪ ਚੱਲਦੇ ਰਹਿੰਦੇ ਹਨ ਅਤੇ ਜਿਹੜੇ ਨੌਜਵਾਨ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨੀ ਚਾਹੁੰਦੇ ਹਨ ਉਨ੍ਹਾਂ ਲਈ ਰੱਖਿਆ ਸੇਵਾਵਾਂ ਵਿੱਚ ਜਾਣ ਲਈ ਸੀ-ਪਾਈਟ ਕੇਂਦਰ ਡੇਰਾ ਬਾਬਾ ਨਾਨਕ ਵਰਦਾਨ ਹੈ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਇਸ ਕੇਂਦਰ ਵਿੱਚ ਸਿਖਲਾਈ ਲੈਣੀ ਚਾਹੁੰਦੇ ਹਨ ਉਹ ਸੀ-ਪਾਈਟ ਕੇਂਦਰ ਡੇਰਾ ਬਾਬਾ ਨਾਨਕ ਜਾਂ ਜ਼ਿਲ੍ਹਾ ਰੁਜ਼ਗਾਰ ਦਫ਼ਤਰ, ਗੁਰਦਾਸਪੁਰ ਵਿਖੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸੀ-ਪਾਈਟ ਕੇਂਦਰ ਡੇਰਾ ਬਾਬਾ ਨਾਨਕ ਦੇ ਸੰਪਰਕ ਨੰਬਰਾਂ 62830-31125, 94674-56808, 94174-20125 ਉੱਪਰ ਰਾਬਤਾ ਕੀਤਾ ਜਾ ਸਕਦਾ ਹੈ।

## ਖੇਡ ਵਿਭਾਗ ਨੇ ਜੂਨੀਅਰ ਅਤੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਲਈ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਸਕਾਲਰਸ਼ਿਪ ਦੇਣ ਲਈ ਬਿਨੈ-ਪੱਤਰਾਂ ਦੀ ਕੀਤੀ ਮੰਗ

ਗੁਰਦਾਸਪੁਰ-ਨਵਨੀਤ ਕੁਮਾਰ -
ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਸਾਲ 2023-24 ਸੈਸ਼ਨ ਦੌਰਾਨ ਜੂਨੀਅਰ ਅਤੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਲਈ ਮੈਡਲ ਪ੍ਰਾਪਤ ਕਰਨ ਵਾਲੇ ਪੰਜਾਬ ਰਾਜ ਦੇ ਖਿਡਾਰੀਆਂ ਨੂੰ ਸਕਾਲਰਸ਼ਿਪ ਦੇਣ ਲਈ ਬਿਨੈ-ਪੱਤਰਾਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ, ਗੁਰਦਾਸਪੁਰ ਸ. ਸਿਮਰਨਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਨਵੀਂ ਖੇਡ ਨੀਤੀ-2023 ਤਹਿਤ ਓਲੰਪੀਅਨ ਸਰਦਾਰ ਬਲਬੀਰ ਸਿੰਘ (ਸੀਨੀਅਰ) ਸਕਾਲਰਸ਼ਿਪ ਫ਼ਾਰ ਆਊਟਸਟੈਂਡਿੰਗ ਐਂਡ ਬੱਡਿੰਗ ਸਪੋਰਟਸ ਪਰਸਨਜ ਅਧੀਨ ਮਿਤੀ 11 ਅਗਸਤ 2023 ਤੋਂ 31 ਮਾਰਚ 2024 ਤੱਕ ਦੇ ਸਮੇਂ ਦੌਰਾਨ ਆਯੋਜਿਤ ਹੋਈਆਂ ਜੂਨੀਅਰ ਅਤੇ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਦੌਰਾਨ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਕੋਲੋਂ ਸਕਾਲਰਸ਼ਿਪ ਦੇਣ ਲਈ ਬਿਨੈ-ਪੱਤਰਾਂ ਦੀ ਮੰਗ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਖਿਡਾਰੀਆਂ ਵੱਲੋਂ ਸਕਾਲਰਸ਼ਿਪ ਪ੍ਰਾਪਤ ਕਰਨ ਨਿਯਮ/ਸ਼ਰਤਾਂ ਅਤੇ ਖਿਡਾਰੀਆਂ ਵੱਲੋਂ ਭਰਿਆ ਵਾਲਾ ਪ੍ਰੋਫਾਰਮਾ ਖੇਡ ਵਿਭਾਗ ਦੀ ਵੈੱਬਸਾਈਟ www.pbsports.punjab.gov.in ਉੱਤੇ ਉਪਲਬਧ ਹੈ। ਉਨ੍ਹਾਂ ਕਿਹਾ ਕਿ ਯੋਗ ਖਿਡਾਰੀ ਆਪਣਾ ਬਿਨੈ-ਪੱਤਰ ਨਿਰਧਾਰਿਤ ਪ੍ਰੋਫਾਰਮੇ ਵਿੱਚ ਭਰ ਕੇ ਜ਼ਿਲ੍ਹਾ ਖੇਡ ਅਫ਼ਸਰ, ਗੁਰਦਾਸਪੁਰ ਨੂੰ ਆਪਣੇ ਸਵੈ-ਤਸਦੀਕਸ਼ੁਦਾ ਸਰਟੀਫਿਕੇਟਾਂ ਸਮੇਤ ਹਲਫ਼ੀਆ ਬਿਆਨ ਮਿਤੀ 16 ਜੁਲਾਈ 2024 ਤੱਕ ਭੇਜਣ। ਉਨ੍ਹਾਂ ਕਿਹਾ ਕਿ ਇਸ ਮਿਤੀ ਤੋਂ ਬਾਅਦ ਵਿੱਚ ਪ੍ਰਾਪਤ ਹੋਏ ਬਿਨੈ-ਪੱਤਰਾਂ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

## ਬੱਚਿਆਂ ਨੂੰ ਦਸਤ ਤੋਂ ਬਚਾਅ ਲਈ ਓ.ਆਰ.ਐੱਸ. ਤੇ ਜ਼ਿੰਕ ਲਾਹੇਵੰਦ-ਡਾ. ਵਿਨੋਦ ਕੁਮਾਰ

ਭਵਾਨੀਗੜ੍ਹ(ਲੋਕ ਬਾਣੀ)-
ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੀ ਯੋਗ ਰਹਿਨੁਮਾਈ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਵਿਨੋਦ ਕੁਮਾਰ ਦੀ ਅਗਵਾਈ ਹੇਠ ਸਿਹਤ ਬਲਾਕ ਭਵਾਨੀਗੜ੍ਹ ਅਧੀਨ ਰਾਸ਼ਟਰੀ ਦਸਤ ਰੋਕੂ ਮੁਹਿੰਮ ਸ਼ੁਰੂ ਕੀਤੀ ਗਈ ਹੈ। ਦਸਤ ਰੋਕੂ ਮੁਹਿੰਮ ਨੂੰ ਸਫਤਲਾਪੂਰਵਕ ਨੇਪਰੇ ਚਾੜ੍ਹਨ ਲਈ ਸਬੰਧਤ ਸਟਾਫ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।



ਡਾ. ਵਿਨੋਦ ਕੁਮਾਰ ਨੇ ਕਿਹਾ ਕਿ ਰੱਖਿਆ, ਰੋਕਥਾਮ ਤੇ ਉਪਚਾਰ ਨਾਲ ਬੱਚਿਆਂ ਨੂੰ ਦਸਤ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ 1 ਜੁਲਾਈ ਤੋਂ 31 ਅਗਸਤ 2024 ਤੱਕ ਰਾਸ਼ਟਰੀ ਦਸਤ ਰੋਕੂ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਮੁੱਖ ਮੰਤਵ ਪੰਜ ਸਾਲ ਤੱਕ ਦੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣਾ ਹੈ ਅਤੇ ਡਾਇਰੀਆ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਨੂੰ ਜ਼ੀਰੋ ਤੇ ਲਿਆਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮਡਾਇਰੀਆ ਦੀ ਰੋਕਥਾਮ, ਸਾਫ-ਸਫਾਈ ਅਤੇ ਓਆਰਐੱਸ ਨਾਲ ਰੱਖੋ ਆਪਣਾ ਧਿਆਨ" ਸਲੋਗਨ ਨਾਲ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੌਰਾਨ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦੋ-ਦੋ ਓ ਆਰ ਐੱਸ ਦੇ ਪੈਕਟ ਤੇ 14-14 ਜ਼ਿੰਕ ਦੀਆਂ ਗੋਲੀਆਂ ਵੰਡੀਆਂ ਜਾਣਗੀਆਂ। ਇਸਦੇ ਨਾਲ ਹੀ ਆਮ ਲੋਕਾਂ ਨੂੰ ਓ ਆਰ ਐੱਸ ਘੋਲ ਤਿਆਰ ਕਰਨ ਦੀ ਵਿਧੀ ਵੀ ਸਿਖਾਈ ਜਾਵੇਗੀ। ਸਿਹਤ ਕੇਂਦਰਾਂ ਤੇ ਆਂਗਨਵਾੜੀ ਸੈਂਟਰਾਂ ਵਿਚ ਓ ਆਰ ਐੱਸ ਤੇ ਜ਼ਿੰਕ ਕਾਰਨਰ ਸਥਾਪਤ ਕੀਤੇ ਗਏ ਹਨ। ਡਾ. ਵਿਨੋਦ ਕੁਮਾਰ ਨੇ ਦੱਸਿਆ ਕਿ ਦਸਤ ਦੇਸ਼ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਸਿਹਤ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।ਸਾਡੇ ਦੇਸ਼ ਵਿਚ ਹਰ ਸਾਲ ਲੱਖਾਂ ਬੱਚਿਆਂ ਦੀ ਦਸਤ ਕਾਰਨ ਮੌਤ ਹੋ ਜਾਂਦੀ ਹੈ। ਇਹ ਵੀ ਵੇਖਿਆ ਗਿਆ ਹੈ ਕਿ 5 ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਨੂੰ ਸਾਲ ਵਿਚ ਘੱਟੋ ਘੱਟ 2-3 ਵਾਰ ਦਸਤ ਤੋਂ ਪੀੜਤ ਹੋਣ ਦੀ ਸੰਭਾਵਨਾ ਹੁੰਦੀ ਹੈ। ਅਸੀਂ ਰਾਸ਼ਟਰੀ ਦਸਤ ਰੋਕੂ ਅਭਿਆਨ ਤਹਿਤ ਜਾਗਰੂਕਤਾ ਫੈਲਾ ਕੇ ਦਸਤ ਕਾਰਨ ਹੋਣ ਵਾਲੀਆਂ ਬੱਚਿਆਂ ਦੀਆਂ ਮੌਤਾਂ ਨੂੰ ਘਟਾ ਸਕਦੇ ਹਾਂ।

ਗੁਰਵਿੰਦਰ ਸਿੰਘ ਬਲਾਕ ਐਜੂਕੇਟਰ ਨੇ ਦੱਸਿਆ ਕਿ ਸਾਫ਼ ਸਫਾਈ ਰੱਖਣਾ ਦਸਤਾਂ ਦੀ ਬਿਮਾਰੀ ਦੀ ਰੋਕਥਾਮ ਲਈ ਸਹਾਈ ਹੁੰਦਾ ਹੈ। ਉਨ੍ਹਾਂ ਕਿਹਾ ਕਿ ਖਾਣਾ ਖਾਣ ਤੋਂ ਪਹਿਲਾਂ, ਮਲ ਤਿਆਗ ਕਰਨ ਤੋਂ ਬਾਅਦ, ਖਾਣਾ ਬਣਾਉਣ ਤੇ ਖਾਣਾ ਪਰੋਸਣ ਤੋਂ ਪਹਿਲਾਂ, ਜਾਨਵਰਾਂ ਜਾਂ ਕੂੜੇ ਕਰਕਟ ਨੂੰ ਛੋਹਣ ਤੋਂ ਬਾਅਦ, ਬੱਚੇ ਦਾ ਮਲ ਤਿਆਗ ਸਾਫ਼ ਕਰਨ ਤੋਂ ਬਾਅਦ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ। 6 ਮਹੀਨੇ ਦੀ ਉਮਰ ਤੱਕ ਬੱਚੇ ਨੂੰ ਸਿਰਫ ਮਾਂ ਦਾ ਦੁੱਧ ਹੀ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਬਾਜ਼ਾਰ ਦੀਆਂ ਖੁੱਲ੍ਹੀਆਂ ਤੇ ਅਣਢਕੀਆਂ ਚੀਜ਼ਾਂ ਖਾਣ ਤੋਂ ਪਰਹੇਜ਼ ਕੀਤਾ ਜਾਵੇ।

ਇਸ ਮੌਕੇ ਬਲਜੀਤ ਕੌਰ, ਰਣਜੀਤ ਕੌਰ, ਨੇਹਾ ਸ਼ਰਮਾ, ਜਗਵੰਤ ਕੌਰ, ਨਰਸਿੰਗ ਵਿਦਿਆਰਥੀ ਤੋਂ ਇਲਾਵਾ ਆਸ਼ਾ ਹਾਜ਼ਰ ਸਨ।

# ਡਾਕਟਰ ਰੱਬ ਦਾ ਦੂਜਾ ਰੂਪ ਹੁੰਦੇ ਨੇ, ਜੋ ਸਾਡੀ ਜਾਨ ਬਚਾ ਸਾਨੂੰ ਦੂਜਾ ਜੀਵਨ ਦਿੰਦੇ ਨੇ: ਪੁਨੀਤ ਭਾਟੀਆ




(ਲੋਕ ਬਾਣੀ) ਮਸ਼ਹੂਰ ਕਲਾਕਾਰ ਪੁਨੀਤ ਭਾਟੀਆ ਨੇ ਜ਼ੀ ਪੰਜਾਬੀ ਦੇ ਬਹੁਤ ਹੀ ਉਡੀਕੇ ਜਾਣ ਵਾਲੇ ਸ਼ੋਅ ਸ਼ਿਵਿਕਾ – ਸਾਥ ਯੁਗਾਂ ਯੁਗਾਂ ਦਾ ਵਿੱਚ ਡਾ. ਈਸ਼ਾਨ ਦੀ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ ਹੈ। ਇੱਕ ਸਮਰਪਿਤ ਡਾਕਟਰ ਹੋਣ ਦੇ ਨਾਤੇ, ਈਸ਼ਾਨ ਦਾ ਚਰਿੱਤਰ ਡਾਕਟਰੀ ਪੇਸ਼ੇਵਰਾਂ ਦੁਆਰਾ ਨਿਭਾਈਆਂ ਡੂੰਘੀਆਂ ਜ਼ਿੰਮੇਵਾਰੀਆਂ ਨੂੰ ਦਰਸਾਉਂਦੇ ਹੋਏ, ਆਪਣੇ ਪਰਿਵਾਰ ਅਤੇ ਮਰੀਜ਼ਾਂ ਦੀ ਰੱਖਿਆ ਕਰਨ ਲਈ ਵਚਨਬੱਧ ਹੈ।

ਪੁਨੀਤ ਭਾਟੀਆ ਨੇ ਵਿਸ਼ਵ ਡਾਕਟਰ ਦਿਵਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ: ਵਿਸ਼ਵ ਡਾਕਟਰ ਦਿਵਸ ਤੇ, ਮੈਂ ਹਰੇਕ ਡਾਕਟਰ ਨੂੰ ਉਨ੍ਹਾਂ ਦੀ ਨਿਰਸਵਾਰਥ ਸੇਵਾ ਅਤੇ ਮਨੁੱਖਤਾ ਪ੍ਰਤੀ ਵਚਨਬੱਧਤਾ ਲਈ ਸਲਾਮ ਕਰਨਾ ਚਾਹੁੰਦਾ ਹਾਂ। ਡਾਕਟਰਾਂ ਦੀਆਂ ਕੁਰਬਾਨੀਆਂ ਅਤੇ ਅਣਥੱਕ ਯਤਨ, ਖਾਸ ਤੌਰ ਤੇ ਇਸ ਚੁਣੌਤੀਪੂਰਨ ਸਮੇਂ ਦੌਰਾਨ, ਸ਼ਲਾਘਾਯੋਗ ਹਨ। ਮੇਰੀ ਭੂਮਿਕਾ ਦੇ ਜ਼ਰੀਏ, ਮੈਂ ਉਨ੍ਹਾਂ ਦੇ ਅਣਮੁੱਲੇ ਯੋਗਦਾਨਾਂ ਪ੍ਰਤੀ ਜਾਗਰੂਕਤਾ ਲਿਆਉਣ ਅਤੇ ਡਾਕਟਰੀ ਭਾਈਚਾਰੇ ਪ੍ਰਤੀ ਸਤਿਕਾਰ ਅਤੇ ਧੰਨਵਾਦ ਦੀ ਪ੍ਰੇਰਣਾ ਦੀ ਉਮੀਦ ਕਰਦਾ ਹਾਂ। ਜਦੋਂ ਜ਼ੀ ਪੰਜਾਬੀ ਦੇ ਸ਼ੋਅ ਸ਼ਿਵਿਕਾ – ਸੱਥ ਯੁਗਨ ਯੁਗਨ ਦਾ ਦੀ ਟੀਮ ਨੇ ਮੇਰੇ ਕੋਲ ਡਾ: ਈਸ਼ਾਨ ਦਾ ਕਿਰਦਾਰ ਨਿਭਾਉਣ ਲਈ ਸੰਪਰਕ ਕੀਤਾ, ਤਾਂ ਮੈਂ ਤੁਰੰਤ ਇਸ ਕਿਰਦਾਰ ਵੱਲ ਖਿੱਚਿਆ ਗਿਆ। ਬਚਪਨ ਵਿੱਚ, ਜਦੋਂ ਵੀ ਮੈਂ ਜਾਂ ਮੇਰਾ ਕੋਈ ਰਿਸ਼ਤੇਦਾਰ ਬਿਮਾਰ ਹੁੰਦਾ ਸੀ, ਅਸੀਂ ਹਮੇਸ਼ਾ ਆਪਣੇ ਫੈਮਿਲੀ ਡਾਕਟਰ ਨੂੰ ਤਰਜੀਹ ਦਿੰਦੇ ਸੀ। ਉਨ੍ਹਾਂ ਨੇ ਸਾਨੂੰ ਇਹ ਮਹਿਸੂਸ ਕਰਵਾਇਆ ਕਿ ਅਸੀਂ ਸਬੰਧਤ ਹਾਂ ਅਤੇ ਹਰ ਕਿਸੇ ਨਾਲ ਬਹੁਤ ਦੇਖਭਾਲ ਅਤੇ ਪ੍ਰੇਰਣਾ ਨਾਲ ਪੇਸ਼ ਆਉਂਦੇ ਹਾਂ। ਇਸ ਨਿੱਜੀ ਅਨੁਭਵ ਨੇ ਮੈਨੂੰ ਡਾ. ਈਸ਼ਾਨ ਨੂੰ ਪ੍ਰਮਾਣਿਕਤਾ ਅਤੇ ਹਮਦਰਦੀ ਨਾਲ ਪੇਸ਼ ਕਰਨ ਲਈ ਬਹੁਤ ਪ੍ਰੇਰਿਤ ਕੀਤਾ।

ਸ਼ਿਵਿਕਾ – ਸਾਥ ਯੁਗਾਂ ਯੁਗਾਂ ਦਾ ਇੱਕ ਰੌਚਕ ਸ਼ੋਅ ਹੋਣ ਦਾ ਵਾਅਦਾ ਕਰਦਾ ਹੈ, ਜਿਸ ਵਿੱਚ ਪੁਨੀਤ ਭਾਟੀਆ ਦੀ ਡਾ. ਈਸ਼ਾਨ ਦੀ ਭੂਮਿਕਾ ਡੂੰਘਾਈ ਅਤੇ ਪ੍ਰਮਾਣਿਕਤਾ ਨੂੰ ਜੋੜਦੀ ਹੈ। ਜ਼ੀ ਪੰਜਾਬੀ ਤੇ ਰਾਤ 8:00 ਵਜੇ ਸਿਰਫ਼ ਜ਼ੀ ਪੰਜਾਬੀ ਤੇ ਹਿੰਮਤ, ਦਇਆ ਅਤੇ ਸਮਰਪਣ ਦੇ ਧਾਰਨੀ ਵਿਅਕਤੀ ਦੇ ਸਫ਼ਰ ਨੂੰ ਦੇਖਣ ਲਈ ਜ਼ੀ ਪੰਜਾਬੀ ਤੇ ਟਿਊਨ ਕਰੋ।

# ਲੋਕ ਸਭਾ ਵਾਂਗ ਜਲੰਧਰ ਦੀ ਜਿਮਨੀ ਚੋਣ ਕਾਂਗਰਸ ਪਾਰਟੀ ਵੱਡੇ ਮਾਰਜਨ ਨਾਲ ਜਿੱਤੇਗੀ: ਐਡਵੋਕੇਟ ਖੇੜੀ




ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਕਾਂਗਰਸ ਪਾਰਟੀ ਦੇ ਜਲੰਧਰ ਤੋਂ ਜਿਮਨੀ ਚੋਣ ਲੜ ਰਹੇ ਬੀਬਾ ਸੁਰਿੰਦਰ ਕੌਰ ਵੱਡੀ ਮਾਰਜਨ ਨਾਲ ਜਿੱਤ ਪ੍ਰਾਪਤ ਕਰਨਗੇ।ਕਿਉਂਕਿ ਭਾਜਪਾ ਅਤੇ ਹੋਰਨਾਂ ਪਾਰਟੀਆਂ ਨੂੰ ਵੋਟਰ ਪਹਿਲਾਂ ਹੀ ਨਕਾਰ ਚੁੱਕੇ ਹਨ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਐਸਸੀ ਐਸਟੀ ਵਿੰਗ ਦੇ ਸਟੇਟ ਕੁਆਰਡੀਨੇਟਰ ਅਤੇ ਸਪੋਕਸਮੈਨ ਐਡਵੋਕੇਟ ਜਸਬੀਰ ਸਿੰਘ ਖੇੜੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਹਨਾਂ ਕਿਹਾ ਹੈ ਕਿ ਜਲੰਧਰ ਦੀ ਲੋਕ ਸਭਾ ਚੋਣ ਨੇ ਪੂਰੇ ਪੰਜਾਬ ਦੇ ਲੋਕਾਂ ਨੂੰ ਦੱਸ ਦਿੱਤਾ ਹੈ ਕਿ ਲੋਕ ਕਾਂਗਰਸ ਨਾਲ ਅੱਜ ਵੀ ਡੱਟ ਕੇ ਖੜੇ ਹਨ ਕਿਉਂਕਿ ਸਾਡੇ ਮਾਨਯੋਗ ਸਾਬਕਾ ਮੁੱਖ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਸਰਦਾਰ ਚਰਨਜੀਤ ਸਿੰਘ ਚੰਨੀ ਹੋਰਾਂ ਨੇ ਰਿਕਾਰਡ ਤੋੜ ਵੋਟਾਂ ਲੈ ਕੇ ਸਮੁੱਚੀ ਕਾਂਗਰਸ ਪਾਰਟੀ ਦੀ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਬੱਲੇ ਬੱਲੇ ਕਰਵਾਈ ਹੈ। ਉਹਨਾਂ ਦੱਸਿਆ ਕਿ ਚੋਣ ਲੜ ਰਹੇ ਬੀਬਾ ਸੁਰਿੰਦਰ ਕੌਰ ਪੜ੍ਹੇ ਲਿਖੇ ਅਤੇ ਸੁਲਝੇ ਹੋਏ ਉਮੀਦਵਾਰ ਹਨ, ਜਿਨਾਂ ਦੀ ਲੋਕਪ੍ਰਿਅਤਾ ਵੀ ਵੋਟਰਾਂ ਤੋਂ ਲੁਕੀ ਛੁਪੀ ਨਹੀਂ ਹੈ। ਉਹਨਾਂ ਅੱਗੇ ਦੱਸਿਆ ਕਿ ਬੀਜੇਪੀ ਅਤੇ ਹੋਰ ਪਾਰਟੀਆਂ ਦਾ ਜਲੰਧਰ ਵਿੱਚ ਕੋਈ ਵਜੂਦ ਨਹੀਂ ਦਿਸ ਰਿਹਾ। ਇਸ ਲਈ ਜਲੰਧਰ ਦੇ ਸੂਝਵਾਨ ਵੋਟਰ ਲੋਕ ਸਭਾ ਚੋਣਾਂ ਵਾਂਗ ਜਿਮਨੀ ਚੋਣ ਵੀ ਕਾਂਗਰਸ ਪਾਰਟੀ ਦੀ ਝੋਲੀ ਪਾਉਣਗੇ। ਉਹਨਾਂ ਅੱਗੇ ਦੱਸਿਆ ਕਿ ਉਹ ਜਲਦ ਹੀ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਜਲੰਧਰ ਨੂੰ ਕੂਚ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਆਗੂ ਬਹਾਦਰ ਸਿੰਘ ਢੰਡਾ, ਇੰਦਰਜੀਤ ਸਿੰਘ ਬੜੀ, ਮਾਸਟਰ ਗੁਰਨਾਮ ਸਿੰਘ, ਪਰਗਟ ਪ੍ਰੀਤ ਸੇਰਪੁਰ, ਦਾਰਾ ਸਿੰਘ ਕਾਲਾਬੂਲਾ,ਸੰਦੀਪ ਸਿੰਘ ਆਦਿ ਆਗੂ ਹਾਜ਼ਰ ਸਨ।

# ਕਾਂਗਰਸੀ ਆਗੂ ਕਾਲਾ ਢਿੱਲੋਂ ਅਤੇ ਗੁਰਮੇਲ ਮੌੜ ਨੇ ਜਲੰਧਰ ਵੈਸਟ ਤੋਂ ਸੰਭਾਲੀ ਬੀਬੀ ਸੁਰਿੰਦਰ ਕੌਰ ਦੀ ਚੋਣ ਕਮਾਨ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਕਾਂਗਰਸ ਪਾਰਟੀ ਦੇ ਮਿਹਨਤੀ ਆਗੂ ਅਤੇ ਜਿਲਾ ਬਰਨਾਲਾ ਦੇ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋ ਅਤੇ ਸੀਨੀਅਰ ਆਗੂ ਗੁਰਮੇਲ ਸਿੰਘ ਮੌੜ ਨੇ ਜਲੰਧਰ ਤੋਂ ਜਿਮਨੀ ਚੋਣ ਲੜ ਰਹੇ ਬੀਬੀ ਸੁਰਿੰਦਰ ਕੌਰ ਦੀ ਚੋਣ ਕਮਾਨ ਸੰਭਾਲ ਲਈ ਹੈ। ਆਗੂਆਂ ਨੇ ਦੱਸਿਆ ਹੈ ਕਿ ਹਾਲ ਹੀ ਦੌਰਾਨ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਸਾਬਕਾ ਮੁੱਖ ਮੰਤਰੀ ਸਰਦਾਰ ਚਰਨਜੀਤ ਸਿੰਘ ਚੰਨੀ ਦੀ ਹੋਈ ਬੇ ਅਥਾਹ ਵੋਟਾਂ ਨਾਲ ਜਿੱਤ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਅਜੇ ਵੀ ਲੋਕ ਕਾਂਗਰਸ ਪਾਰਟੀ ਨਾਲ ਚਟਾਨ ਵਾਂਗ ਖੜੇ ਹਨ। ਉਹਨਾਂ ਦੱਸਿਆ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਕਿਸਾਨਾਂ, ਮਜ਼ਦੂਰਾਂ, ਛੋਟੇ ਦੁਕਾਨਦਾਰਾਂ ਅਤੇ ਆਮ ਲੋਕਾਂ ਦੀ ਪਾਰਟੀ ਹੈ ਜਿਸਨੇ ਹਮੇਸ਼ਾ ਹੀ ਦੇਸ਼ ਅਤੇ ਪੰਜਾਬ ਦੇ ਭਲੇ ਦੀ ਗੱਲ ਕੀਤੀ ਹੈ। ਉਹਨਾਂ ਦੱਸਿਆ ਕਿ ਬਹੁਤ ਹੀ ਸੂਝਵਾਨ ਸੁਲਝੇ ਹੋਏ ਉਮੀਦਵਾਰ ਬੀਬੀ ਸੁਰਿੰਦਰ ਕੌਰ ਨੂੰ ਜਿਤਾਉਣ ਲਈ ਲੋਕ ਪੱਬਾਂ ਭਰ ਹੋ ਚੁੱਕੇ ਹਨ। ਕਿਉਂਕਿ ਬੀਜੇਪੀ ਅਤੇ ਹੋਰਨਾਂ ਪਾਰਟੀਆਂ ਦਾ ਇੱਥੇ ਕੋਈ ਬਜੂਦ ਨਜ਼ਰ ਨਹੀਂ ਆ ਰਿਹਾ। ਉਞ ਵੀ ਲੋਕਾਂ ਨੇ ਜਲੰਧਰ ਤੋਂ ਕਾਂਗਰਸ ਪਾਰਟੀ ਨੂੰ ਵੱਡਾ ਫਤਵਾ ਦੇ ਕੇ ਇਹ ਸਾਬਤ ਕੀਤਾ ਹੈ ਕਿ ਲੋਕ ਅੱਜ ਵੀ ਕਾਂਗਰਸ ਪਾਰਟੀ ਨੂੰ ਬੇਹਦ ਪਿਆਰ ਕਰਦੇ ਹਨ। ਉਹਨਾਂ ਕਿਹਾ ਕਿ ਪਾਰਟੀ ਵੱਲੋਂ ਉਨਾਂ ਦੀ ਜਲੰਧਰ ਵੈਸਟ 46 ਨੰਬਰ ਵਾਰਡ ਤੋਂ ਡਿਊਟੀ ਲਗਾਈ ਗਈ ਹੈ ਜਿਸ ਨੂੰ ਸਮੁੱਚੀ ਟੀਮ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵੇਗੀ। ਪਾਰਟੀ ਦੇ ਆਗੂਆਂ ਨੇ ਉਨਾਂ ਦਾ ਸਨਮਾਨ ਵੀ ਕੀਤਾ।ਇਸ ਮੌਕੇ ਪਾਰਟੀ ਆਗੂ ਕੁਲਦੀਪ ਸਿੰਘ ਵੈਦ ਸਾਬਕਾ ਐਮਐਲਏ, ਮਹੇਸ਼ ਕੁਮਾਰ ਲੋਟਾ, ਭੁਪਿੰਦਰ ਸਿੰਘ ਝਲੂਰ, ਐਮਸੀ ਜਸਮੇਲ ਸਿੰਘ ਡੇਰੀ ਵਾਲਾ ਅਤੇ ਗੁਰਪ੍ਰੀਤ ਸਿੰਘ ਕਾਕਾ ਐਮਸੀ ਵੀ ਵੱਖ ਵੱਖ ਵਾਰਡਾਂ ਦੀ ਕਮਾਨ ਸੰਭਾਲ ਰਹੇ ਹਨ।

**ਬੀਬੀ ਸੁਰਿੰਦਰ ਕੌਰ ਦੀ ਚੋਣ ਮੁਹਿੰਮ ਨੇ ਵਿਰੋਧੀਆਂ ਦੇ ਸਾਹ ਸੂਤੇ**




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਸਕੂਲ ਸਾਹਮਣੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਖਿਲਾਫ ਕੀਤੀ ਨਾਰੇਬਾਜੀ

ਕੋਟ ਈਸੇ ਖਾਂ, (ਲੋਕ ਬਾਣੀ)
(ਮਨੀ ਅਰੋੜਾ) ਮਾਸਟਰ ਕੇਡਰ ਯੂਨੀਅਨ ਪੰਜਾਬ ਸੂਬਾ ਸਕੱਤਰ ਬਲਜਿੰਦਰ ਸਿੰਘ ਧਾਲੀਵਾਲ , ਪ੍ਰਗਟਜੀਤ ਸਿੰਘ ਕਿਸ਼ਨਪੁਰਾ ਚੇਅਰਮੈਨ ਬੀਐਡ ਅਧਿਆਪਕ ਫ਼ਰੰਟ ਪੰਜਾਬ, ਡੀ ਟੀ ਐਫ ਤੋਂ ਸੂਬਾ ਪ੍ਰਧਾਨ ਹਨਾ ਦਿਗ ਵਿਜੇਪਾਲ ਸ਼ਰਮਾ, ਕੰਪਿਊਟਰ ਅਧਿਆਪਕ ਯੂਨੀਅਨ ਦੇ ਸੂਬਾ ਸਕੱਤਰ ਹਰਭਗਵਾਨ ਸਿੰਘ, ਜੱਜਪਾਲ ਸਿੰਘ ਬਾਜੇਕੇ ਜ਼ਿਲਾ ਪ੍ਰਧਾਨ ਜੀਟੀਯੂ, ਸੁਰਜੀਤ ਸਮਰਾਟ ਜਿਲ੍ਹਾ ਪ੍ਰਧਾਨ ਐਲੀਮੈਂਟਰੀ ਟੀਚਰ ਯੂਨੀਅਨ, ਸੁਖਪਾਲਜੀਤ ਸਿੰਘ ਜਿਲਾ ਪ੍ਰਧਾਨ ਡੀਟੀਐਫ,ਲੈਕਚਰਾਰ ਯੂਨੀਅਨ ਤੋਂ ਜਗਤਾਰ ਸਿੰਘ ਸੈਦੋਕੇ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਸਕੂਲ ਮੁਖੀ ਮੈਡਮ ਕਿਰਨਪਾਲ ਕੌਰ ਨੂੰ ਇਨਸਾਫ ਦਵਾਉਣ ਲਈ ਸਕੂਲ ਅੱਗੇ ਵਿਸ਼ਾਲ ਰੋਸ ਧਰਨਾ ਲਗਾਇਆ ਗਿਆ। ਇਸ ਮੌਕੇ ਬੋਲਦਿਆਂ ਵੱਖ-ਵੱਖ ਜਥੇਬੰਦੀਆਂ ਦੇ ਵੱਖ-ਵੱਖ ਬੁਲਾਰਿਆਂ ਨੇ ਕਿਹਾ ਪਿਛਲੇ ਦਿਨੀ ਸਕੂਲ ਵਿੱਚ ਹੋਈ ਘਟਨਾ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਅਤੇ ਸਿਵਿਲ ਪ੍ਰਸ਼ਾਸਨ ਵੱਲੋਂ ਪਿਛਲੇ ਦਿਨੀ ਸਕੂਲ ਵਿੱਚ ਹੋਈ ਘਟਨਾ ਤੋਂ ਬਾਹਰ ਸਕੂਲ ਮੁਖੀ ਸ਼੍ਰੀਮਤੀ ਕਿਰਨਪਾਲ ਕੌਰ ਨੂੰ ਜਬਰੀ ਡਰਾ ਧਮਕਾ ਕੇ ਜਬਰੀ 4 ਲੱਖ ਰੁਪਏ ਉਗਰਾਹ ਕੇ ਦੂਜੀ ਧਿਰ ਨੂੰ ਦਿੱਤੇ ਗਏ. ਧਰਨੇ ਦੌਰਾਨ ਬੋਲਦੇ ਅਲੱਗ ਅਲੱਗ ਬੁਲਾਰਿਆਂ ਨੇ ਕਿਹਾ ਕਿ ਇਸ ਘਟਨਾ ਦਾ ਮੁਆਵਜ਼ਾ ਪ੍ਰਸ਼ਾਸਨ ਵੱਲੋਂ ਦੇਣਾ ਬਣਦਾ ਸੀ ਨਾ ਕਿ ਸਕੂਲ ਮੁਖੀ ਤੋਂ ਧੱਕੇ ਨਾਲ ਉਗਰਾਉਣਾ ਚਾਹੀਦਾ ਸੀ. ਤਹਿਸੀਲਦਾਰ ਨਾਲ ਗੱਲਬਾਤ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੀਟਿੰਗ ਦੇ ਸੱਦੇ ਤੇ ਪੰਜ ਮੈਂਬਰੀ ਕਮੇਟੀ ਡਿਪਟੀ ਕਮਿਸ਼ਨਰ ਮੋਗਾ ਨੂੰ ਮਿਲਣ ਲਈ ਗਈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਭਰੋਸਾ ਦਵਾਇਆ ਗਿਆ ਕਿ ਦੋ ਮਹੀਨੇ ਦੇ ਸਮੇਂ ਦੇ ਵਿੱਚ ਵਿੱਚ ਪੰਜਾਬ ਸਰਕਾਰ ਵੱਲੋਂ ਰਾਸ਼ੀ ਮੰਗਵਾ ਕੇ ਪੀੜਤ ਪ੍ਰਿੰਸੀਪਲ ਸ਼੍ਰੀਮਤੀ ਕਿਰਨਪਾਲ ਕੌਰ ਦੇ ਨੁਕਸਾਨ ਦੀ ਭਰਪਾਈ ਕਰਵਾਈ ਜਾਵੇਗੀ. ਇਸ ਸਬੰਧੀ ਪੰਜ ਮੈਂਬਰੀ ਕਮੇਟੀ ਵੱਲੋਂ ਮੀਟਿੰਗ ਤੋਂ ਬਾਅਦ ਧਰਨੇ ਵਿੱਚ ਆ ਕੇ ਫੈਸਲਾ ਕੀਤਾ ਗਿਆ ਕਿ ਜੇਕਰ ਡਿਪਟੀ ਕਮਿਸ਼ਨਰ ਵੱਲੋਂ ਅਗਲੇਰੀ ਕਾਰਵਾਈ ਸਬੰਧੀ ਪੱਤਰ ਜਾਰੀ ਨਾ ਕੀਤਾ ਗਿਆ ਤਾਂ 10 ਜੁਲਾਈ ਨੂੰ ਅਧਿਆਪਕ ਜਥੇਬੰਦੀਆਂ ਵੱਲੋਂ ਹੋਰ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ ਡਿਪਟੀ ਕਮਿਸ਼ਨਰ ਮੋਗਾ ਤੇ ਦਫਤਰ ਅੱਗੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਦੌਰਾਨ ਮੂਹ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਖਿਲਾਫ ਨਾਰੇਬਾਜ਼ੀ ਕਰਦੇ ਹੋਏ ਮੇਨ ਚੌਂਕ ਦਾ ਰਾਊਂਡ ਵੀ ਲਗਾਇਆ ਗਿਆ। ਅਧਿਆਪਕ ਵਰਗ ਦੇ ਰੋਸ ਪ੍ਰਦਰਸ਼ਨ ਦੌਰਾਨ ਪੁਲਿਸ ਪ੍ਰਸ਼ਾਸਨ ਵੀ ਪੂਰੀ ਤਰਾਂ ਮੁਸਤੈਦ ਸੀ। ਇਸ ਮੌਕੇ ਸ਼ਮਸ਼ੇਰ ਸਿੰਘ ਗੁਰਮੀਤ ਸਿੰਘ ਢੋਲੇਵਾਲ ਨਿਰਮਲਜੀਤ ਸਿੰਘ ਕੁਲਦੀਪ ਸਿੰਘ ਬਡੂਵਾਲ






ਮਨਪ੍ਰੀਤ ਸਿੰਘ,ਕੁਲਵਿੰਦਰ ਸਿੰਘ ਸੀ. ਐੱਚ. ਟੀ., ਸੋਹਣ ਸਿੰਘ ਬਲਾਕ ਪ੍ਰਧਾਨ , ਸਵਰਨ ਦਾਸ ਬਲਵਿੰਦਰ ਸਿੰਘ ਮੁੱਖ ਅਧਿਆਪਕ, ਸੁਖਦੇਵ ਸਿੰਘ ਜਾਣੀਆਂ, ਵਿਨੋਦ ਸ਼ਰਮਾ ਪ੍ਰਿੰਸੀਪਲ ਅਮਨਦੀਪ ਕੌਰ ਹੈਡ ਮਿਸਟਰਸ, ਕਮਲਪ੍ਰੀਤ ਕੌਰ, ਸਿਮਰਨਜੀਤ ਕੌਰ ਹੈਡਮਿਸਟ੍ਰੈਸ, ਸੁਖਦੇਵ ਸਿੰਘ ਸੁਰਿੰਦਰ ਸ਼ਰਮਾ ਈ ਟੀ ਯੂ, ਬਲਜੀਤ ਸਿੰਘ, ਮਨਿੰਦਰਜੀਤ ਸਿੰਘ ਗੁਰਮੇਲ ਸਿੰਘ ਬਲਦੇਵ ਸਿੰਘ ਮਨਪ੍ਰੀਤ ਸਿੰਘ ਰਣਜੀਤ ਸਿੰਘ ਸੰਦੀਪ ਸਿੰਘ ਦੌਲੇਵਾਲਾ,ਸੁਖਦੇਵ ਸਿੰਘ ਲੈਕਚਰਾਰ, ਸ਼ੁਮਾਰ ਸਿੰਘ ਬਹਿਰਾਮਕੇ, ਤਜਿੰਦਰ ਸੌਂਦੀ, ਨਰਿੰਦਰ ਸਿੰਘ ਜਾਣੀਆਂ, ਵਰਿੰਦਰ ਸਿੰਘ ਘਲੋਟੀ, ਰਾਜ ਕੁਮਾਰ, ਗੁਰਮੀਤ ਸਿੰਘ ਢੋਲੇਵਾਲਾ, ਬਰਿੰਦਰਜੀਤ ਸਿੰਘ, ਸੁਖਦੀਪ ਸਿੰਘ, ਨਿਤਿਨ ਕੁਮਾਰ,ਪ੍ਰਧਾਨ ਰਾਕੇਸ਼ ਖਾਲਸਾ ਗੁਰਪ੍ਰੀਤ ਅੰਮੀਵਾਲ,, ਸ਼ੁਮਾਰ ਸਿੰਘ ਬਰਾਮਕੇ, ਕੁਲਵੰਤ ਸਿੰਘ ਰੇਸ਼ਮ ਸਿੰਘ ਯੁਗੇਸ਼ ਠਾਕੁਰ ਗੁਰਪ੍ਰੀਤ ਸਿੰਘ ਇੰਦਰਜੀਤ ਸਿੰਘ ਜਸਵਿੰਦਰ ਸ਼ਰਮਾ ਸੁਰੇਸ਼ ਕੁਮਾਰ ਗੁਰਿੰਦਰਜੀਤ ਸਿੰਘ ਗੁਰਪ੍ਰੀਤ ਪ੍ਰੀਤ ਸਿੰਘ ਮਨਿੰਦਰ ਸਿੰਘ ਵਿਸ਼ਾਲ ਸ਼ਰਮਾ ਦਰਸ਼ਨਪਾਲ ਕੌਰ ਕਰਮਜੀਤ ਕੌਰ ਰਣਜੀਤ ਕੌਰ ਮਨਮੀਤ ਰਾਏ ਰਣਜੀਤ ਸਿੰਘ ਬਲਵੀਰ ਸਿੰਘ ਆਦਿ ਹਾਜ਼ਿਰ ਸਨ।

# ਐਡੀਸ਼ਨਲ ਕਮਿਸ਼ਨਰ ਨੇ ਆਰਟ ਗੈਲਰੀ ਵਿਖੇ ਸਮਰ ਕੈਂਪ 'ਚ ਹਿੱਸਾ ਲੈਣ ਵਾਲੇ ਸਿਖਿਆਰਥੀਆਂ ਨੂੰ ਸਰਟੀਫ਼ਿਕੇਟ ਕੀਤੇ ਤਕਸੀਮ

ਅੰਮ੍ਰਿਤਸਰ, (ਲੋਕ ਬਾਣੀ) —ਇੰਡੀਅਨ ਅਕੈਡਮੀ ਆਫ਼ ਫਾਈਨ ਆਰਟ ਵਿਖੇ ਨੋਰਥ ਜੋਨ ਕਲਚਰਲ ਸੈਂਟਰ, ਪਟਿਆਲਾ ਦੇ ਸਹਿਯੋਗ ਨਾਲ ਇਕ ਮਹੀਨੇ (1 ਤੋਂ 30 ਜੂਨ ਤੱਕ) ਤੱਕ ਕਰਵਾਏ ਗਏ '11ਵੇਂ ਸਮਰ ਆਰਟ ਕੈਂਪ ਫੈਸਟੀਵਲ-2024' ਮੌਕੇ ਵੱਖ-ਵੱਖ ਗਤੀਵਿਧੀਆਂ 'ਚ ਹਿੱਸਾ ਲੈਣ ਵਾਲੇ ਸਿਖਿਆਰਥੀਆਂ ਨੂੰ ਸਨਮਾਨਿਤ ਕਰਨ ਸਬੰਧੀ 'ਐਵਾਰਡ ਦਾ ਰੀਵਾਰਡ' ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਮਿਊਂਸੀਪਲ ਕਾਰਪੋਰੇਸ਼ਨ ਦੇ ਐਡੀਸ਼ਨਲ ਕਮਿਸ਼ਨਰ ਸ੍ਰੀ ਸੁਰਿੰਦਰ ਸਿੰਘ ਨੇ ਹੁਨਰ ਨੂੰ ਨਿਖਾਰਣ ਲਈ ਭਾਗ ਲੈਣ ਵਾਲੇ ਛੋਟੇ-ਛੋਟੇ ਬੱਚਿਆਂ ਨੂੰ ਸਰਟੀਫ਼ਿਕੇਟ ਅਤੇ ਮਾਹਿਰ ਕਲਾਕਾਰਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ।




ਇਸ ਸਬੰਧੀ ਆਰਟ ਗੈਲਰੀ ਦੇ ਪ੍ਰਧਾਨ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1 ਤੋਂ 30 ਜੂਨ ਤੱਕ ਚੱਲੇ ਇਸ ਸਮਰ ਆਰਟ ਕੈਂਪ ਦੌਰਾਨ ਲਗਭਗ 120 ਬੱਚਿਆਂ ਨੇ ਹਿੱਸਾ ਲਿਆ, ਜਿਨ੍ਹਾਂ ਨੂੰ ਕਾਬਲੀਅਤ 'ਚ ਖ਼ੂਬਸੂਰਤੀ ਨਾਲ ਉਭਾਰਨ ਲਈ ਸੀਨੀਅਰ ਕਲਾਕਾਰਾਂ ਨੇ ਗੁਰ ਵੀ ਦੱਸੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਬੱਚਿਆਂ ਦੀਆਂ ਪੇਂਟਿੰਗ, ਡਰਾਇੰਗ, ਸਕੈਚ, ਡਾਂਸ, ਗੀਤਕਾਰੀ, ਕੈਲੀਗ੍ਰਾਫੀ, ਬੁੱਤਤਰਾਸ਼, ਡਰਾਮਾ ਆਦਿ ਕਲਾਸਾਂ ਲਗਾਈਆਂ ਗਈਆਂ ਅਤੇ ਕੈਂਪ ਦੌਰਾਨ ਹਰੇਕ ਸ਼ਨੀਵਾਰ ਅਤੇ ਐਤਵਾਰ ਨੂੰ ਬੱਚਿਆਂ ਵੱਲੋਂ ਆਪਣੇ-ਆਪਣੇ ਹੁਨਰ ਦਾ ਪ੍ਰਦਰਸ਼ਨ ਵੀ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਉਕਤ ਦਿਨਾਂ 'ਚ ਸ. ਕੁਲਵੰਤ ਸਿੰਘ ਗਿੱਲ ਦੁਆਰਾ ਪੋਰਟਰੇਟ ਮੇਕਿੰਗ, ਸ੍ਰੀ ਧਰਮਿੰਦਰ ਸ਼ਰਮਾ ਤੇ ਸ੍ਰੀ ਅਤੁਲ ਮੱਟੂ ਨੇ ਰੰਗੋਲੀ, ਸ੍ਰੀ ਸੰਜੇ ਕੁਮਾਰ ਨੇ ਕਠਪੁਤਲੀ ਮੇਕਿੰਗ ਅਤੇ ਸ. ਗੁਰਮੁਖ ਸਿੰਘ ਵੱਲੋਂ ਡਿਜੀਟਲ ਆਰਟ ਸਬੰਧੀ ਬੱਚਿਆਂ ਨੂੰ ਸਿਖਲਾਈ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕੈਂਪ ਦੇ ਅਖ਼ੀਰਲੇ ਦਿਨ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ, ਜਿਸ 'ਚ ਬੱਚਿਆਂ ਨੇ ਪਬਲਿਕ ਸਪੀਚ, ਮਿਊਜ਼ਿਕ ਡੇਅ, ਡਾਂਸ ਅਤੇ ਸਿੰਗਿੰਗ ਰਾਹੀਂ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ।

ਇਸ ਮੌਕੇ ਸ੍ਰੀ ਸੁਰਿੰਦਰ ਸਿੰਘ ਨੇ ਅਧਿਆਪਕਾਂ ਅਤੇ ਬੱਚਿਆਂ ਨੂੰ ਸਰਟੀਫਿਕੇਟ ਨਾਲ ਸਨਮਾਨਿਤ ਕਰਨ ਉਪਰੰਤ ਕਿਹਾ ਕਿ ਆਰਟ ਗੈਲਰੀ ਵੱਲੋਂ ਬੱਚਿਆਂ ਦੀ ਪ੍ਰਤਿਭਾ 'ਚ ਨਿਖਾਰ ਲਿਆਉਣ ਅਤੇ ਗਰਮੀਆਂ ਦੀਆਂ ਛੁੱਟੀਆਂ ਦਾ ਸਹੀ ਇਸਤੇਮਾਲ ਕਰਨ ਦੇ ਮੰਤਵ ਤਹਿਤ ਮਿਥਿਆ ਗਿਆ ਕਾਰਜ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਉਨ੍ਹਾਂ ਅਜੋਕੀ ਆਧੁਨਿਕ ਤਕਨੀਕ ਭਰਪੂਰ ਜ਼ਿੰਦਗੀ 'ਚ ਹਰੇਕ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਗਰਮੀਆਂ ਅਤੇ ਸਰਦੀਆਂ ਦੀਆਂ ਛੁੱਟੀਆਂ ਦਾ ਕੀਮਤੀ ਸਮਾਂ ਅਜਿਹੀ ਪ੍ਰਤਿਭਾਵਾਨ ਸਰਗਰਮੀਆਂ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਆਰਟ ਗੈਲਰੀ ਦੇ ਆਨਰੇਰੀ ਸਕੱਤਰ ਡਾ. ਪੀ. ਐਸ. ਗਰੋਵਰ ਵੱਲੋਂ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ ਗਈ।

ਇਸ ਦੌਰਾਨ ਸ: ਰਾਜਬੀਰ ਸਿੰਘ, ਸ: ਅਜ਼ਮੇਰ ਸਿੰਘ ਹੇਰ, ਵਿਸੁਅਲ ਆਰਟ ਸਕੱਤਰ ਸ. ਸੁਖਪਾਲ ਸਿੰਘ, ਕਨਵੀਨਰ ਸ: ਨਰਿੰਦਰ ਸਿੰਘ, ਸੀਨੀਅਰ ਵਾਈਸ ਚੇਅਰਮੈਨ ਸ: ਨਰਿੰਦਰਜੀਤ ਸਿੰਘ, ਕੈਲੀਗ੍ਰਾਫਰ ਸ੍ਰੀ ਸੰਜੇ ਕੁਮਾਰ, ਸ੍ਰੀ ਨਰਿੰਦਰ ਨਾਥ ਕਪੂਰ, ਸ: ਅਰਵਿੰਦਰ ਸਿੰਘ ਭੱਟੀ ਆਦਿ ਸਖ਼ਸ਼ੀਅਤਾਂ ਹਾਜ਼ਰ ਸਨ।

# ਪੁੱਡਾ ਪਾਰਕ ਵਿੱਚ ਬੈਠਣ ਲਈ ਲੱਗੇ ਬੈਂਚ

## ਸ਼ਹਿਰ ਵਾਸੀਆਂ ਨੇ ਕੈਬਨਟ ਮੰਤਰੀ ਅਨਮੋਲ ਗਗਨ ਮਾਨ ਦਾ ਕੀਤਾ ਧੰਨਵਾਦ




ਸ਼੍ਰੀ ਅਨੰਦਪੁਰ ਸਾਹਿਬ, (ਲੋਕ ਬਾਣੀ):- ਟੂਰਿਜ਼ਮ ਵਿਭਾਗ ਵੱਲੋਂ ਤਖਤ ਸ਼੍ਰੀ ਕੇਸਗੜ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਨੂੰ ਜੋੜਨ ਵਾਲੇ ਪੁੱਡਾ ਪਾਰਕ ਦੇ ਵਿੱਚ ਬੈਠਣ ਲਈ ਬੈਂਚ ਲਗਾਏ ਗਏ ਹਨ ਜਿਸ ਦਾ ਸ਼ਹਿਰ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ ਹੈ। ਦੱਸਣ ਯੋਗ ਹੈ ਕਿ ਪਿਛਲੇ ਦਿਨੀ ਕੈਬਨਟ ਮੰਤਰੀ ਅਨਮੋਲ ਗਗਨ ਮਾਨ ਆਪਣੇ ਵਿਆਹ ਤੋਂ ਬਾਅਦ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਦੇ ਲਈ ਪਹੁੰਚੇ ਸਨ ਜਿੱਥੇ ਸ਼ਹਿਰ ਵਾਸੀਆਂ ਵੱਲੋਂ ਉਹਨਾਂ ਨੂੰ ਪੁਡਾ ਪਾਰਕ ਵਿਖੇ ਬੈਠਣ ਦੇ ਲਈ ਬੈਂਚ ਲਗਾਉਣ ਦੀ ਬੇਨਤੀ ਕੀਤੀ ਸੀ ਜਿਸ ਨੂੰ ਮੰਨਦਿਆਂ ਕੈਬਨਟ ਮੰਤਰੀ ਅਨਮੋਲ ਗਗਨ ਵਲੋ ਉਸੇ ਵੇਲੇ ਸ਼ਹਿਰ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਇੱਕ ਹਫਤੇ ਤੇ ਅੰਦਰ ਅੰਦਰ ਪਾਰਕ ਵਿੱਚ ਬੈਂਚ ਲਗਾ ਦਿੱਤੇ ਜਾਣਗੇ। ਆਪਣੇ ਉਸ ਵਾਅਦੇ ਨੂੰ ਤੁਰੰਤ ਪੂਰਾ ਕਰਦਿਆਂ ਅੱਜ ਪੁੱਡਾ ਪਾਰਕ ਵਿਖੇ ਬਜ਼ੁਰਗਾਂ ਦੇ ਬੈਠਣ ਲਈ ਵਿਸ਼ੇਸ਼ ਬੈਂਚ ਲਗਾ ਦਿੱਤੇ ਗਏ ਹਨ। ਜਿਸ ਦਾ ਸ਼ਹਿਰ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਸੀਨੀਅਰ ਸਿਟੀਜਨ ਐਸੋਸੀਏਸ਼ਨ ਵੱਲੋਂ ਕੈਬਨਟ ਮੰਤਰੀ ਅਨਮੋਲ ਗਗਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।

# ਧੂਰੀ ਦੀ ਸਾਧ ਸੰਗਤ ਵੱਲੋਂ ਸ੍ਰੀ ਸੱਚਖੰਡ ਹਜੂਰ ਸਾਹਿਬ ਜਾਣ ਵਾਲੀਆਂ ਸੰਗਤਾਂ ਵਾਸਤੇ ਲੰਗਰ ਵੀ ਸੇਵਾ



ਧੂਰੀ (ਲੋਕ ਬਾਣੀ): ਧੂਰੀ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਸਾਹਿਬ ਵੱਲੋਂ ਹਰ ਸਾਲ ਦੀ ਤਰ੍ਹਾਂ ਫਿਰੋਜ਼ਪੁਰ ਅਤੇ ਜੀਰਾ ਦੀ ਸਾਧ ਸੰਗਤ ਵਾਸਤੇ ਭੇਜਿਆ ਗਿਆ ਜਿਸ ਵਿੱਚ ਫਲ ਫ੍ਰੂਟ, ਠੰਡਾ ਪਾਣੀ ਦਾਲਾਂ ਸਬਜ਼ੀਆਂ ,ਪ੍ਰਸ਼ਾਦੇ ਆਦਿ, ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੁਖਦੇਵ ਸਿੰਘ ਨੇ ਪੱਤਰਕਾਰ ਨਾਲ ਗੱਲਬਾਤ ਕਰਦੇ ਕਿਹਾ ਹੈ ਕਿ ਜੋ ਇਹ ਗੱਡੀ ਸ੍ਰੀ ਗੰਗਾ ਨਗਰ ਤੋਂ ਚੱਲ ਕੇ ਧੂਰੀ ਵਿੱਚ ਦੀ ਹੁੰਦੀ ਹੋਈ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਜਾਂਦੀ ਹੈ ਅਸੀਂ ਹਰ ਸਾਲ ਦੀ ਤਰ੍ਹਾਂ ਲੰਗਰ ਦੀ ਸੇਵਾ ਸਾਧ ਸੰਗਤ ਦੇ ਸਹਿਯੋਗ ਨਾਲ ਭੇਜਦੇ ਹਾਂ ਧੂਰੀ ਰੇਲਵੇ ਸਟੇਸ਼ਨ ਤੇ ਪਹੁੰਚਣ ਤੇ ਸੰਗਤ ਵੱਲੋਂ ਨਾਅਰਾ ਲਾ ਕੇ ਉਹਨਾਂ ਦਾ ਸਵਾਗਤ ਕੀਤਾ ਗਿਆ ਲਈ ਜੀਰਾ ਤੇ ਫਿਰੋਜ਼ਪੁਰ ਦੀ ਸਾਧ ਸੰਗਤ ਵੱਲੋਂ ਧੂਰੀ ਗੁਰਦੁਆਰਾ ਸਾਹਿਬ ਦੇ ਕਮੇਟੀ ਦੇ ਸੇਵਾਦਾਰਾਂ ਦਾ ਸਰੋਪੇ ਪਾ ਕੇ ਸਨਮਾਨ ਕੀਤਾ ਗਿਆ ◊ ਇਸ ਮੌਕੇ ਸਰਪ੍ਰਸਤ ਗੁਰੂ ਨਾਨਕ ਦਰਬਾਰ ਬਾਬਾ ਨਿਧਾਨ ਸਿੰਘ, ਜਸਪਾਲ ਸਿੰਘ ਖੁਰਮੀ, ਨਿਰਭੈ ਸਿੰਘ ਹੇੜੀਕੇ, ਰਾਜਵਿੰਦਰ ਸਿੰਘ, ਗੁਰਪ੍ਰੀਤ ਸਿੰਘ ਗਿੱਲ ਐਡਵੋਕੇਟ,,ਜੱਸ ਕਰਨ ਦੀਪ ਸਿੰਘ,ਸਮਰਜੀਤ ਸਿੰਘ ਦਰਸ਼ਨ ਸਿੰਘ, ਨਰੰਗ ਸਿੰਘ ਸਰਪੰਚ,ਦਰਬਾਰਾ ਸਿੰਘ ਮਾਸਟਰ ਸਰੂਪ ਸਿੰਘ ਮਨਜਿੰਦਰ ਪਾਲ ਸਿੰਘ,,ਬੀਬੀ ਗੁਰਮੀਤ ਕੌਰ, ਬਲਦੇਵ ਕੌਰ, ਕਮਲਦੀਪ ਕੌਰ, ਪ੍ਰਧਾਨ ਚੰਦਰ ਕਲਾ,ਬੀਬੀ ਜਸਵਿੰਦਰ ਕੌਰ ਪ੍ਰਧਾਨ,ਮਨਜੀਤ ਕੌਰ,ਪਰਨੀਤ ਕੌਰ, ਸੋਨੀਆ, ਬਲਜੀਤ ਕੌਰ ਦਲਜੀਤ ਕੌਰ ਅਤੇ ਵੱਡੀ ਗਿਣਤੀ ਦੇ ਵਿੱਚ ਸਾਧ ਸੰਗਤ ਹਾਜ਼ਰ ਸੀ ◊

# ' ਤਨ ਦੀ ਸੁੰਦਰਤਾ ਨਾਲੋਂ ਮਨ ਦੀ ਸੁੰਦਰਤਾ ਬਹੁਤ ਜਰੂਰੀ ਹੈ ' -ਨਿਰੰਕਾਰੀ ਰਾਜਪਿਤਾ ਰਮਿਤ ਜੀ

ਹੁਸ਼ਿਆਰਪੁਰ (ਲੋਕ ਬਾਣੀ): ਸੰਤ ਨਿਰੰਕਾਰੀ ਸਤਿਸੰਗ ਭਵਨ, ਜਲੰਧਰ ਵਿਖੇ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਨਿਰੰਕਾਰੀ ਰਾਜ ਪਿਤਾ ਰਮਿਤ ਚਾਂਦਨਾ ਜੀ ਦੀ ਹਜ਼ੂਰੀ ਵਿੱਚ ਬਹੁਤ ਹੀ ਸ਼ਰਧਾ ਪੂਰਵਕ ਹੋਇਆ। ਇਸ ਮੌਕੇ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸਮਾਗਮ ਵਿੱਚ ਪਹੁੰਚ ਕੇ ਆਨੰਦ ਪ੍ਰਾਪਤ ਕੀਤਾ। ਸਮਾਗਮ ਦੌਰਾਨ ਵੱਖ ਵੱਖ ਸ਼ਰਧਾਲੂਆਂ ਨੇ ਧਾਰਮਿਕ ਸ਼ਬਦ, ਗੀਤ, ਸੰਗੀਤ, ਕਵਿਤਾਵਾਂ, ਵਿਚਾਰਾਂ ਆਦਿ ਰਾਹੀਂ ਸੱਚ ਦਾ ਸੰਦੇਸ਼ ਦਿੱਤਾ। ਇਸ ਮੌਕੇ ਨਿਰੰਕਾਰੀ ਰਾਜ ਪਿਤਾ ਰਮਿਤ ਚਾਂਦਨਾ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਫਰਮਾਇਆ ਕਿ ਬ੍ਰਹਮਗਿਆਨੀ ਗੁਰਸਿੱਖ ਹਮੇਸ਼ਾ ਪ੍ਰਮਾਤਮਾ ਨੂੰ ਜਾਣਕੇ ਪ੍ਰਭੂ ਦੇ ਭਾਣੇ ਵਿੱਚ ਰਹਿੰਦੇ ਹੋਏ ਸਤਿਗੁਰੂ ਦੀਆਂ ਸਿੱਖਿਆਵਾਂ ਨੂੰ ਅਮਲੀ ਤੌਰ ਤੇ ਮੰਨਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਨ। ਉਹਨਾਂ ਦੱਸਿਆ ਕਿ ਤਨ ਦੀ ਸੁੰਦਰਤਾ ਨਾਲੋਂ ਮਨ ਦੀ ਸੁੰਦਰਤਾ ਬਹੁਤ ਜਰੂਰੀ ਹੈ। ਉਹਨਾਂ ਦੱਸਿਆ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਕਸਰ ਆਪਣੇ ਪ੍ਰਵਚਨਾਂ ਵਿੱਚ ਫਰਮਾਉਂਦੇ ਹਨ ਕਿ ਭਗਤ ਕੁਝ ਪਲਾਂ ਦਾ ਭਗਤ ਨਹੀਂ ਹੁੰਦਾ ਬਲਕਿ ਹਰ ਵਕਤ ਦਾ ਹਰ ਸਮੇਂ ਦਾ ਭਗਤ ਹੁੰਦਾ ਹੈ। ਸੰਸਾਰ ਦੀ ਦ੍ਰਿਸ਼ਟੀ ਤੋਂ ਜਿਉਣਯੋਗ ਜੀਵਨ ਉਹੀ ਮੁਬਾਰਕ ਹੁੰਦਾ ਹੈ ਕਿ ਜਿੱਥੇ ਵੀ ਇਨਸਾਨ ਜਾਵੇ ਸੰਸਾਰ ਉਸਦੇ ਚੰਗੇ ਕਰਮਾਂ ਕਰਕੇ ਉਸਨੂੰ ਪਹਿਚਾਣੇ। ਅਸੀਂ ਦੁਨਿਆਵੀ ਉਪਲੱਬਧੀਆਂ ਦੀ ਕਿਸੇ ਪੌੜੀ ਦੇ ਜਿੰਨੇ ਵੀ ਕਦਮ ਚੜਦੇ ਜਾਂਦੇ ਹਾਂ ਅੱਗੇ ਇੱਕ ਪੌੜੀ ਹੋਰ ਉਸਦਾ ਇੰਤਜਾਰ ਕਰ ਰਹੀ ਹੁੰਦੀ ਹੈ। ਪੌੜੀ ਚੜ੍ਹਨਾ ਮੁਬਾਰਕ ਹੈ ਪਰ ਇਨਸਾਨ ਨੂੰ ਬ੍ਰਹਮਗਿਆਨ ਦੀ ਪ੍ਰਾਪਤੀ ਕਰਕੇ, ਮੂਲ ਨੂੰ ਜਾਣਕੇ, ਮਨ ਵਿੱਚੋਂ ਵੈਰ, ਨਫ਼ਰਤ ਦੀਆਂ ਦੀਵਾਰਾਂ ਖਤਮ ਕਰਕੇ ਗੁਰਮਤ ਦੀ ਪੌੜੀ ਚੜਨਾ ਚਾਹੀਦਾ ਹੈ। ਗੁਰਮਤ ਨਾਲ ਭਰਪੂਰ ਗੁਣਾਂ ਨਾਲ ਜਦੋਂ ਅਸੀਂ ਸੰਸਾਰ ਵਿੱਚ ਵਿਚਰਦੇ ਹਾਂ ਤਾਂ ਸੰਸਾਰ ਦੇ ਲੋਕ ਸਾਨੂੰ ਪਿਆਰ ਕਰਦੇ ਹਨ ਅਤੇ ਸਤਿਕਾਰ ਦਿੰਦੇ ਹਨ। ਸਾਡਾ ਖਾਣਾ, ਪੀਣਾ, ਉੱਠਣਾ, ਬੈਠਣਾ ਮੁਬਾਰਕ ਹੋ ਜਾਂਦਾ ਹੈ। ਇਨਸਾਨ ਦੇ ਮਨ 'ਚੋਂ ਹਉਮੈ ਖਤਮ ਹੋ ਜਾਂਦੀ ਹੈ ਅਤੇ ਉਹ ਆਪਣੀ ਜਿੰਦਗੀ ਦੀ ਅਸਲੀ ਮੰਜਿਲ ਵੱਲ ਵਧਣ ਲੱਗਦਾ ਹੈ। ਉਹਨਾਂ ਸੰਪੂਰਨ ਅਵਤਾਰ ਬਾਣੀ ਦੇ ਹਵਾਲੇ ਨਾਲ ਸਮਝਾਇਆ ਕਿ 'ਗੁਰਸਿੱਖ ਗੁਰ ਦੀ ਅੱਖ ਨਾਲ ਦੇਖੇ, ਗੁਰ ਦੇ ਕੰਨ ਨਾਲ ਸੁਣਦਾ ਹੈ। ਗੁਰਸਿੱਖ ਗਿਆਨ ਸਰੋਵਰ ਵਿਚੋਂ ਹੀਰੇ ਮੋਤੀ ਚੁਣਦਾ ਹੈ।'

ਉਹਨਾਂ ਜਲੰਧਰ ਸ਼ਹਿਰ ਦੇ ਨਾਮ ਸਬੰਧੀ ਆਪਣੇ ਭਾਵ ਪ੍ਰਗਟ ਕਰਦੇ ਹੋਏ ਕਿਹਾ ਕਿ 'ਜਲੰਧਰ' ਦੇ ਨਾਮ ਵਾਂਗ ਮਨ ਦੇ ਅੰਦਰ ਜੋ ਮੈਂ ਹੈ ਉਸਨੂੰ ਜਲਾਉਣਾ ਪਵੇਗਾ, ਹਉਮੈ ਨੂੰ ਛੱਡਣਾ ਪਵੇਗਾ ਅਗਰ ਅਸੀਂ ਪ੍ਰਮਾਤਮਾ ਨੂੰ ਪਾਕੇ ਪ੍ਰਮਾਤਮਾ ਦੀ ਕਸੌਟੀ ਤੇ ਖਰਾ ਉਤਰਨਾ ਹੈ। ਗਿਆਨ ਪ੍ਰਾਪਤ ਕਰਨ ਉਪਰੰਤ ਵੀ ਅਗਰ ਅਸੀਂ ਹਉਮੈਂ ਵਿੱਚ ਰਹਿੰਦੇ ਹਾਂ ਤਾਂ ਅਸੀਂ ਹੀਰੇ ਮੋਤੀ ਇਕੱਠੇ ਕਰਨ ਦੀ ਵਜਾਏ ਕੰਕਰ ਪੱਥਰ ਇਕੱਠੇ ਕਰਦੇ ਹਾਂ ਜਿਸ ਦੀ ਕੋਈ ਕੀਮਤ ਨਹੀਂ। ਕਈ ਇਨਸਾਨ ਸਿਰਫ਼ ਮਾਇਆ ਨੂੰ ਹੀ ਸਭ ਕੁਝ ਸਮਝੀ ਬੈਠੇ ਹਨ, ਮਾਇਆ ਨਾਸ਼ਵਾਨ ਹੈ ਜਦੋਂਕਿ ਬ੍ਰਹਮਗਿਆਨ ਅਮਰ ਰਹਿਣ ਦੀ ਅਵਸਥਾ ਹੈ। ਇਸ ਲਈ ਸਿਰਫ਼ ਪ੍ਰਭੂ ਦਾ ਨਾਮ ਲੈਣਾ ਹੀ ਕਾਫ਼ੀ ਨਹੀਂ ਸਗੋਂ ਪ੍ਰਭੂ ਦੀ ਭਗਤੀ ਵੀ ਕਰਨੀ ਹੈ। ਪ੍ਰਮਾਤਮਾ ਨੂੰ ਜਾਣਕੇ, ਸਮਝ ਕੇ, ਸੇਵਾ, ਸਿਮਰਨ, ਸਤਿਸੰਗ ਕਰਦੇ ਹੋਏ ਭਗਤੀ ਕਰਨੀ ਚਾਹੀਦੀ ਹੈ। ਸਾਡੇ ਜੀਵਨ ਵਿੱਚ ਪ੍ਰਭੂ ਦਾ ਪ੍ਰੇਮ ਵੀ ਵਸਣਾ ਚਾਹੀਦਾ ਹੈ। ਮਾਨਵ ਨੂੰ ਜੀਵਨ ਮਿਲਿਆ ਹੈ ਪ੍ਰੇਮ, ਪਿਆਰ ਨਾਲ ਜਿਉਣ ਲਈ, ਪ੍ਰਮਾਤਮਾ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਪਰ ਇਨਸਾਨ ਅਗਿਆਨਤਾ ਕਾਰਨ ਆਪਣੇ ਹੰਕਾਰ ਵਿੱਚ ਹੀ ਜੀਵਨ ਬਤੀਤ ਕਰ ਰਿਹਾ ਹੈ। ਸਤਿਗੁਰੂ ਹਮੇਸ਼ਾ ਇਨਸਾਨ ਨੂੰ



ਬ੍ਰਹਮਗਿਆਨ ਦੀ ਜਾਣਕਾਰੀ ਕਰਵਾ ਕੇ ਜੀਵਨ ਜਿਉਣ ਦੀ ਜੁਗਤੀ ਸਿਖਾਉਂਦੇ ਹਨ। ਇਸ ਲਈ ਸਮੇਂ ਦੇ ਸਤਿਗੁਰੂ ਮਾਤਾ ਸੁਦਿਕਸ਼ਾ ਜੀ ਮਹਾਰਾਜ ਅੱਜ ਮਾਨਵ ਨੂੰ ਬ੍ਰਹਮਗਿਆਨ ਰਾਹੀਂ ਪ੍ਰਮਾਤਮਾ ਦੀ ਜਾਣਕਾਰੀ ਕਰਵਾ ਕੇ ਇਨਸਾਨ ਦਾ ਜੀਵਣ ਸਫ਼ਲ ਬਣਾ ਰਹੇ ਹਨ। ਉਹਨਾਂ ਕਿਹਾ ਕਿ ਜੀਵਨ ਦੇ ਸਾਰੇ ਪਹਿਲੂ ਹੀ ਪ੍ਰੇਮ ਨਾਲ ਭਰੇ ਜਾ ਸਕਦੇ ਹਨ। ਸੰਸਾਰ ਦੇ ਸਾਰੇ ਪਲ ਪ੍ਰਭੂ ਪ੍ਰੇਮ ਨਾਲ ਪਾਏ ਜਾ ਸਕਦੇ ਹਨ। ਅਸੀਂ ਕਾਗਜ ਦੇ ਫੁੱਲ ਨਹੀਂ ਬਣਨਾ ਸਗੋਂ ਅਸਲੀ ਫੁੱਲ ਬਣਕੇ ਜੀਵਨ ਬਤੀਤ ਕਰਨਾ ਹੈ, ਸਤਿਗੁਰੂ ਬ੍ਰਹਮਗਿਆਨ ਦੇ ਕੇ ਜੀਵਨ ਵਿੱਚ ਕੋਮਲਤਾ, ਸ਼ੀਤਲਤਾ, ਪਿਆਰ ਦੀ ਖੁਸ਼ਬੂ ਭਰ ਦਿੰਦਾ ਹੈ ਅਤੇ ਸਾਡਾ ਜੀਵਨ ਅਸਲੀ ਫੁੱਲਾਂ ਦੀ ਤਰ੍ਹਾਂ ਸਭਨੂੰ ਮਹਿਕ ਦੇਣ ਵਾਲਾ ਬਣ ਜਾਂਦਾ ਹੈ। ਸਤਿਗੁਰੂ ਮਾਨਵ ਨੂੰ ਸ਼ਾਕਾਰ ਰੂਪ ਵਿੱਚ ਪ੍ਰਮਾਤਮਾ ਦੀ ਜਾਣਕਾਰੀ ਕਰਵਾ ਕੇ ਸਭ ਦਾ ਜੀਵਨ ਮੁਕਤ ਕਰ ਦਿੰਦਾ ਹੈ। ਅਗਰ ਸਾਡੇ ਮਨ ਵਿੱਚ ਪ੍ਰਮਾਤਮਾ ਦੇ ਵਾਸ ਨੂੰ ਅਸੀਂ ਬ੍ਰਹਮਗਿਆਨ ਰਾਹੀਂ ਸਮਝ ਲਿਆ ਤਾਂ ਅਸੀਂ ਜਿਉਂਦੇ ਜੀਅ ਮੁਕਤ ਹੋ ਸਕਦੇ ਹਾਂ ਨਹੀਂ ਤਾਂ ਫਿਰ ਬੰਧਨਾਂ ਵਿੱਚ ਹੀ ਫਸੇ ਰਹਿੰਦੇ ਹਾਂ। ਇਸ ਸੰਤ ਸਮਾਗਮ ਮੌਕੇ ਕਪੂਰਥਲਾ ਜੋਨ ਦੇ ਜੋਨਲ ਇੰਚਾਰਜ ਗੁਲਸ਼ਨ ਲਾਲ ਅਹੂਜਾ ਜੀ ਨੇ ਸਾਰੇ ਪ੍ਰਬੰਧਕਾਂ ਵੱਲੋਂ ਨਿਰੰਕਾਰੀ ਰਾਜ ਪਿਤਾ ਰਮਿਤ ਜੀ, ਸਮੂਹ ਸੰਗਤਾਂ ਅਤੇ ਵਿਸ਼ੇਸ਼ ਮਹਿਮਾਨਾ ਦਾ ਨਿੱਘਾ ਸਵਾਗਤ ਕਰਦੇ ਹੋਏ ਜੀ ਆਇਆਂ ਨੂੰ ਆਖਿਆ ਅਤੇ ਸਮੂਹ ਸੇਵਾਦਾਰਾਂ, ਜਿਲ੍ਹਾ ਪ੍ਰਸਾਸ਼ਨ ਅਤੇ ਪੁਲਿਸ ਪ੍ਰਸਾਸ਼ਨ ਦਾ ਸਮਾਗਮ ਨੂੰ ਸਫ਼ਲ ਬਣਾਉਣ ਲਈ ਭਰਪੂਰ ਸਹਿਯੋਗ ਦੇਣ ਤੇ ਧੰਨਵਾਦ ਕੀਤਾ।

# ਕਰਮਜੀਤ ਸਿੰਘ ਨੇ ਥਾਣਾ ਸਦਰ ਦੇ ਐੱਸ ਐੱਚ ਓ ਵੱਜੋਂ ਚਾਰਜ ਸੰਭਾਲਿਆ



ਧੂਰੀ (ਲੋਕ ਬਾਣੀ) ਸਬ ਇੰਸਪੈਕਟਰ ਕਰਮਜੀਤ ਸਿੰਘ ਨੇ ਅੱਜ ਥਾਣਾ ਸਦਰ ਧੂਰੀ ਦੇ ਐਸ ਐਚ ਓ ਵੱਜੋਂ ਆਪਣਾ ਚਾਰਜ ਸੰਭਾਲਣ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਇਲਾਕੇ ਵਿੱਚ ਗੈਰ ਕਾਨੂੰਨੀ ਕੰਮ ਕਰਨ ਵਾਲਿਆਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਐਸ ਐਚ ਓ ਕਰਮਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋ ਨਸ਼ੇ ਦੇ ਖਿਲਾਫ ਛੇੜੀ ਮੁਹਿੰਮ ਨੂੰ ਉਹ ਪੂਰੀ ਸਖਤੀ ਨਾਲ ਚਲਾਉਣਗੇ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆ ਨੂੰ ਬਖਸ਼ਿਆ ਨਹੀ ਜਾਵੇਗਾ। ਉਨਾ ਨੇ ਲੋਕਾ ਨੂੰ ਅਪੀਲ ਕੀਤੀ ਕਿ ਆਪਣੇ ਆਲੇ ਦੁਆਲੇ ਨਸ਼ੇ ਦੇ ਕਾਰੋਬਾਰ ਕਰਨ ਵਾਲਿਆਂ ਦੀ ਗੁਪਤ ਸੂਹ ਪੁਲਿਸ ਨੂੰ ਦਿੱਤੀ ਜਾਵੇ ਅਤੇ ਪੁਲਿਸ ਸੂਚਨਾਂਕਾਰ ਦਾ ਨਾਮ ਅਤੇ ਪਤਾ ਗੁਪਤ ਰੱਖੇਗੀ।

# ਪੰਜਾਬੀ ਵਾਕ ਵਿਗਿਆਨ ਅਤੇ ਅਰਥ ਵਿਗਿਆਨ ਦੀ ਜਾਣਕਾਰੀ

(ਪ੍ਰਤੀਯੋਗੀ ਪ੍ਰੀਖਿਆਵਾਂ ਲਈ ਅਹਿਮ)

1) ਵਾਕ ਬਣਤਰ ਦੇ ਸੰਬੰਧ ਵਿੱਚ ਗਿਆਨ ਦੇਣ ਵਾਲੇ ਵਿਗਿਆਨ ਨੂੰ ਵਾਕ ਵਿਗਿਆਨ ਦਾ ਨਾਂ ਦਿੱਤਾ ਜਾਂਦਾ ਹੈ।
2) ਵਾਕ ਵਿਗਿਆਨ ਵਿੱਚ ਵਾਕ ਦੀ ਪਰਿਭਾਸ਼ਾ, ਵਾਕ ਦੀਆਂ ਕਿਸਮਾਂ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ।
3) ਭਾਸ਼ਾ ਦੀ ਉਹ ਵੱਡੀ ਤੋਂ ਵੱਡੀ ਇਕਾਈ ਜਿਸ ਵਿੱਚ ਵਿਆਕਰਣ ਦੀਆਂ ਲੱਗਭੱਗ ਸਾਰੀਆਂ ਇਕਾਈਆਂ ਦਾ ਅਧਿਐਨ ਕੀਤਾ ਜਾ ਸਕਦੇ, ਵਾਕ ਅਖਵਾਉਂਦੀ ਹੈ।
4) ਮੁਕੰਮਲ ਖਿਆਲ ਪ੍ਰਗਟ ਕਰਨ ਵਾਲਾ ਸ਼ਬਦ ਜਾਂ ਸ਼ਬਦ ਸਮੂਹ ਵਾਕ ਹੈ।
5) ਮੁਕੰਮਲ ਅਰਥ ਨੂੰ ਪ੍ਰਗਟਾਉਣ ਵਾਲਾ ਸ਼ਬਦ ਜਾਂ ਸ਼ਬਦ ਸਮੂਹ ਵਾਕ ਹੈ।
6) ਵਾਕ ਵਿਗਿਆਨ ਅੰਦਰ ਵਾਕ ਦੀਆਂ ਕਿਸਮਾਂ ਵਾਕ ਦੇ ਉਪ—ਸਮੂਹ ਵਾਕ ਦੀ ਬਣਤਰ ਆਦਿ ਮਸਲੇ ਵਿਚਾਰੇ ਜਾਂਦੇ ਹਨ।
7) ਸਾਧਾਰਨ ਵਾਕ ਅੰਦਰ ਕੇਵਲ ਇੱਕ ਹੀ ਕਿਰਿਆ ਹੁੰਦੀ ਹੈ।
8) ਸੰਯੁਕਤ ਵਾਕ ਅੰਦਰ ਦੋ ਕਿਰਿਆਵਾਂ ਹੋ ਸਕਦੀਆਂ ਹਨ।
9) ਮਿਸ਼ਰਤ ਵਾਕ ਅੰਦਰ ਦੋ ਤੋਂ ਵਧੇਰੇ ਕਿਰਿਆਵਾਂ ਦੀ ਹੋਂਦ ਹੁੰਦੀ ਹੈ।
10) ਪੰਜਾਬੀ ਵਾਕ ਬਣਤਰ ਦੀ ਤਰਤੀਬ ਕਰਤਾ ® ਕਰਮ ® ਕਿਰਿਆ ਹੁੰਦੀ ਹੈ।
11) ਵਾਕ ਬਣਤਰ ਵਿੱਚ ਉਪਵਾਕ ਇੱਕ ਅਧੀਨ ਵਿਆਕਰਨਕ ਇਕਾਈ ਹੁੰਦੀ ਹੈ। ਜਿਸਦਾ ਆਪਣਾ ਉਦੇਸ਼ ਤੇ ਵਿਧੇਅ ਹੁੰਦਾ ਹੈ।
12) ਵਾਕੰਸ਼ ਵਾਕ ਦੀ ਛੋਟੀ ਤੋਂ ਛੋਟੀ ਭਾਵ ਪੂਰਤ ਇਕਾਈ ਹੁੰਦੀ ਹੈ। ਇਹ ਸ਼ਬਦਾਂ ਦੇ ਬਦਲ ਵਜੋਂ ਕਾਰਜਸ਼ੀਲ ਹੁੰਦੀ ਹੈ।
13) ਵਿਆਕਰਨ ਅੰਦਰ ਵਾਕ ਵਿਗਿਆਨ ਦਾ ਅਧਿਐਨ ਇਸ ਲਈ ਮਹੱਤਵਪੂਰਨ ਰੱਖਦਾ ਹੈ। ਕਿਉਂਕਿ ਇਸ ਦੁਆਰਾ ਲੱਗਭੱਗ ਸਾਰੀਆਂ ਹੀ ਇਕਾਈਆਂ ਦਾ ਅਧਿਐਨ ਹੋ ਜਾਂਦਾ ਹੈ।

ਪੰਜਾਬੀ ਅਰਥ ਵਿਗਿਆਨ

ਅਰਥ ਵਿਗਿਆਨ, ਭਾਸ਼ਾ ਵਿਗਿਆਨ ਦਾ ਅਜਿਹਾ ਪੱਧਰ ਹੈ ਜਿਸਦਾ ਵਿਕਾਸ ਥੋੜਾ ਪੱਛੜ ਕੇ ਹੋਇਆ ਹੈ। ਅਰਥ ਵਿਗਿਆਨ ਦੇ ਅੰਤਰਗਤ ਸ਼ਬਦਾਂ ਦੇ ਅਰਥਾਂ ਦਾ ਵਿਗਿਆਨਿਕ ਅਧਿਐਨ ਕੀਤਾ ਜਾਂਦਾ ਹੈ। ਇਸ ਲਈ ਅਰਥਾਂ ਦਾ ਅਧਿਐਨ ਜਾਂ ਵਿਗਿਆਨਕ ਅਧਿਐਨ ਹੀ ਅਰਥ ਵਿਗਿਆਨ ਹੈ। ਅਰਥ ਵਿਗਿਆਨ ਭਾਸ਼ਾ ਵਿਗਿਆਨ ਦੀ ਹੀ ਇੱਕ ਸ਼ਾਖਾ ਹੈ। ਜਿਸਦਾ ਸੰਬੰਧ, ਵਾਕਾਂ, ਸ਼ਬਦਾਂ ਅਤੇ ਬਿਆਨਾਂ ਦੇ ਅਰਥਾਂ ਨਾਲ ਹੈ। ਜਾਰਜ ਨੇ ਅਰਥ ਵਿਗਿਆਨ ਦੇ ਤਿੰਨ ਭਾਗ ਮੰਨੇ ਹਨ। ਵਾਕ ਵਿਗਿਆਨ, ਅਰਥ ਵਿਗਿਆਨ ਅਤੇ ਪ੍ਰਕਰਣ ਵਿਗਿਆਨ।

1) ਅਰਥ ਭਾਸ਼ਾ ਦੀ ਆਤਮਾ ਹੈ ਤੇ ਭਾਸ਼ਾ ਅਰਥ ਦਾ ਸਰੀਰ ਹੈ।
2) ਜੇ ਭਾਸ਼ਾ ਵਿਗਿਆਨ ਭਾਸ਼ਾ ਦਾ ਵਿਗਿਆਨ ਹੈ ਤਾਂ ਬਿਨਾਂ ਅਰਥ ਵਿਗਿਆਨ ਦੇ ਉਹ ਸੰਪੂਰਨ ਨਹੀਂ ਹੈ।
3) ਅਰਥ ਵਿਗਿਆਨ ਦਾ ਸਿੱਧਾ ਸੰਬੰਧ ਮਨੋਵਿਗਿਆਨ ਨਾਲ ਜਾ ਜੁੜਦਾ ਹੈ।
4) ਅਰਥ ਵਿਗਿਆਨ ਕਿਸੇ ਭਾਸ਼ਾਈ ਖਿੱਤੇ ਅੰਦਰ ਅਰਥ ਪਰਿਵਰਤਨ ਜਾਂ ਅਰਥ ਵਿਕਾਸ ਦਾ ਅਧਿਐਨ ਹੁੰਦਾ ਹੈ।

ਜੈ ਹਿੰਦ।



ਸਾਰਿਕਾ ਜਿੰਦਲ, ਲੌਂਗੋਵਾਲ
ਸ.ਸ.ਸ.ਸ. ਮੁੰਡੇ ਧਨੌਲਾ
ਜਿਲ੍ਹਾ ਬਰਨਾਲਾ

# ਸਿਵਲ ਹਸਪਤਾਲ ਸਮਰਾਲਾ ਵਿਖੇ ਤੀਬਰ ਦਸਤ ਰੋਕੂ ਮੁਹਿੰਮ ਤਹਿਤ ਕੀਤਾ ਜਾਗਰੂਕ

ਲੁਧਿਆਣਾ/ਸਮਰਾਲਾ ( ਵਰਿੰਦਰ ਪ੍ਰਕਾਸ਼ ਭਾਂਬਰੀ /ਸੁਖਚੈਨ ਮਿਹਰਾ) ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਸਿਵਲ ਸਰਜਨ ਲੁਧਿਆਣਾ ਡਾਕਟਰ ਜਸਬੀਰ ਸਿੰਘ ਔਲਖ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਿਵਲ ਹਸਪਤਾਲ ਸਮਰਾਲਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਦੀ ਅਗਵਾਈ ਹੇਠ ਤੀਬਰ ਦਸਤ ਰੋਕੂ ਮੁਹਿੰਮ 1 ਜੁਲਾਈ ਤੋਂ 31 ਅਗਸਤ ਤੱਕ ਚਲਾਈ ਜਾ ਰਹੀ ਹੈ। ਇਸ ਮੌਕੇ ਡਾਕਟਰ ਤਾਰਕਜੋਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਚਪਨ ਵਿੱਚ ਡਾਇਰੀਆ ਨਾਲ ਹੋਣ ਵਾਲੀਆਂ ਮੌਤਾਂ ਨੂੰ ਜ਼ੀਰੋ ਕਰਨ ਦੇ ਉਦੇਸ਼ ਨਾਲ ਇਹ ਮੁਹਿੰਮ ਚਲਾਈ ਜਾ ਰਹੀ ਹੈ। ਜੇਕਰ ਬੱਚਾ ਦਿਨ ਵਿੱਚ 3 ਤੋਂ ਜ਼ਿਆਦਾ ਵਾਰ ਪਤਲਾ/ਪਾਣੀ ਵਰਗਾ ਪਖਾਨਾ ਕਰ ਰਿਹਾ ਹੈ ਤਾਂ ਉਸ ਨੂੰ ਦਸਤ ਕਿਹਾ ਜਾਂਦਾ ਹੈ ਅਤੇ ਵਾਰ ਵਾਰ ਪਖਾਨਾ ਆਉਣ ਨਾਲ ਬੱਚੇ ਨੂੰ ਪਾਣੀ ਦੀ ਕਮੀ ਹੋਣ ਦੀ ਸੰਭਾਵਨਾ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਦਸਤ ਲੱਗਣ ਤੇ ਇਹ ਜ਼ਰੂਰੀ ਹੈ ਕਿ ਹਰ ਪਖਾਨੇ ਤੋਂ ਬਾਅਦ ਬੱਚੇ ਨੂੰ ਓ.ਆਰ .ਐਸ ਦਾ ਘੋਲ ਦਿੱਤਾ ਜਾਵੇ ਅਤੇ ਨਾਲ ਹੀ 14 ਦਿਨ ਲਈ ਜ਼ਿੰਕ ਦੀ ਗੋਲੀ ਦਿੱਤੀ ਜਾਵੇ ਤਾਂ ਕੇ ਬੱਚੇ ਨੂੰ ਵਾਰ-ਵਾਰ ਦਸਤ ਨਾ ਹੋਵੇ। ਇਸ ਤੋਂ ਬਚਣ ਲਈ ਕੁਝ ਸਾਵਧਾਨੀਆਂ ਵ ਰ ਤ ਣ ੀ ਅ ਾਂ ਚਾਹੀਦੀਆਂ ਹਨ ਜਿਵੇਂ ਕਿ ਸਾਫ ਪਾਣੀ ਪੀਣਾ ਚਾਹੀਦਾ ਹੈ, ਪੀਣ ਵਾਲੇ ਪਾਣੀ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ, ਆਪਣਾ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ, ਨਵਜੰਮੇ ਬੱਚੇ ਨੂੰ ਪਹਿਲੇ ਛੇ ਮਹੀਨੇ ਸਿਰਫ ਮਾਂ ਦਾ ਦੁੱਧ ਦੇਣਾ ਚਾਹੀਦਾ ਹੈ, ਹੱਥ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ, ਖੁੱਲ੍ਹੇ ਵਿਚ ਪਖਾਨੇ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਸਿਵਲ ਹਸਪਤਾਲ ਸਮਰਾਲਾ ਵਿਖੇ ਓ.ਆਰ.ਐਸ ਕਾਰਨਰ ਬਣਾਏ ਗਏ ਹਨ ਜਿੱਥੇ ਲੋਕਾਂ ਨੂੰ ਇਸ ਸਬੰਧੀ ਜਾਗਰੂਕਤਾ ਦਿੱਤੀ ਜਾ ਰਹੀ ਅਤੇ ਓ.ਆਰ.ਐਸ ਪੈਕਟ ਵੰਡੇ ਜਾ ਰਹੇ ਹਨ। ਸਿਵਲ ਹਸਪਤਾਲ ਸਮਰਾਲਾ ਦੀਆ ਟੀਮਾ ਵੱਲੋਂ ਸ਼ਹਿਰ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਹੱਥਾਂ ਦੀ ਸਫ਼ਾਈ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਆਸ਼ਾ ਵਰਕਰਾਂ ਵੱਲੋਂ ਸ਼ਹਿਰ ਦੀਆਂ ਗਲੀ-ਮਹੱਲੇ ਵਿੱਚ ਜਾ ਕੇ ਇਸ ਸਬੰਧੀ ਜਾਗਰੂਕਤਾ ਦਿੱਤੀ ਜਾ ਰਹੀ ਹੈ ਅਤੇ ਓ.ਆਰ.ਐਸ ਪੈਕਟ ਵੰਡੇ ਜਾ ਰਹੇ ਹਨ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ , ਡਾਕਟਰ ਲਖਵਿੰਦਰ ਸਿੰਘ,ਨਰਸਿੰਗ ਸਿਸਟਰ ਅਪਵਿੰਦਰ ਕੌਰ, ਨਰਸਿੰਗ ਸਿਸਟਰ ਦਲਜੀਤ ਕੌਰ, ਸਤਿੰਵਦਰ ਕੌਰ ਐਲ. ਐਚ.ਵੀ., ਬਲਦੀਸ਼ ਕੌਰ ਏ.ਐਨ.ਐਮ, ਪ੍ਰਦੀਪ ਕੁਮਾਰ ਮਲਟੀਪਰਪਜ਼ ਹੈਲਥ ਵਰਕਰ, ਆਸ਼ਾ ਵਰਕਰ ਅਤੇ ਸਿਵਲ ਹਸਪਤਾਲ ਸਮਰਾਲਾ ਦਾ ਸਮੂਹ ਸਟਾਫ ਹਾਜ਼ਰ ਸੀ।



# ਸਿਹਤ ਵਿਭਾਗ ਵਲੋਂ ਮਨਾਇਆ ਗਿਆ ਰਾਸ਼ਟਰੀ ਡਾਕਟਰ ਦਿਵਸ



ਬਰਨਾਲਾ(ਲੋਕ ਬਾਣੀ) ਸਿਹਤ ਵਿਭਾਗ ਬਰਨਾਲਾ ਵਲੋਂ ਸਿਵਲ ਸਰਜਨ ਬਰਨਾਲਾ ਡਾ. ਹਰਿੰਦਰ ਸ਼ਰਮਾ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਪਹਿਲੀ ਜੁਲਾਈ ਨੂੰ ਰਾਸ਼ਟਰੀ ਡਾਕਟਰ ਦਿਵਸ ਮਨਾਇਆ ਗਿਆ

ਇਸ ਮੌਕੇ ਡਾ. ਹਰਿੰਦਰ ਸ਼ਰਮਾ ਨੇ ਦੱਸਿਆ ਕਿ ਰਾਸ਼ਟਰੀ ਡਾਕਟਰ ਦਿਵਸ ਤੇ ਪੰਜਾਬ ਸਰਕਾਰ ਸਮੂਹ ਮਿਹਨਤਕਸ਼ ਡਾਕਟਰ ਸਾਹਿਬਾਨ ਦੇ ਯਤਨਾਂ ਅਤੇ ਲਗਨ ਨੂੰ ਸਲਾਮ ਕਰਦੀ ਹੈ।

ਡਾ. ਗੁਰਮਿੰਦਰ ਕੌਰ ਔਜਲਾ ਡੀ.ਐਮ.ਸੀ. ਬਰਨਾਲਾ ਨੇ ਕਿਹਾ ਕਿ ਡਾਕਟਰ ਦਿਵਸ ਸਮਾਜ ਲਈ ਡਾਕਟਰਾਂ ਦੇ ਅਣਮੁੱਲੇ ਯੋਗਦਾਨ ਦਾ ਸਨਮਾਨ ਕਰਨ ਅਤੇ ਉਨ੍ਹਾਂ ਨੂੰ ਮਾਨਤਾ ਦੇਣ ਲਈ ਮਨਾਇਆ ਜਾਂਦਾ ਹੈ। ਇਹ ਜੀਵਨ ਬਚਾਉਣ, ਤੰਦਰੁਸਤੀ ਨੂੰ ਉਤਸ਼ਾਹਿਤ ਕਰਨ, ਅਤੇ ਦੁੱਖਾਂ ਨੂੰ ਦੂਰ ਕਰਨ ਵਿੱਚ ਸਿਹਤ ਸੰਭਾਲ ਪੇਸ਼ੇਵਰਾਂ ਦੁਆਰਾ ਨਿਭਾਈ ਜਾਣ ਵਾਲੀ ਮਹੱਤਵਪੂਰਨ ਭੂਮਿਕਾ ਤੇ ਜ਼ੋਰ ਦਿੰਦਾ ਹੈ।

ਡਾ. ਤਪਿੰਦਰਜੋਤ ਕੌਸ਼ਲ ਐਸ.ਐਮ.ਓ ਸਿਵਲ ਹਸਪਤਾਲ ਬਰਨਾਲਾ ਨੇ ਕਿਹਾ ਕਿ ਰਾਸ਼ਟਰੀ ਡਾਕਟਰ ਦਿਵਸ 2024 ਦੀ ਥੀਮ ਹੈ ਤੰਦਰੁਸਤ ਕਰਨ ਵਾਲੇ ਹੱਥ, ਦੇਖਭਾਲ ਕਰਨ ਵਾਲੇ ਦਿਲ।

ਇਹ ਥੀਮ ਉਸ ਹਮਦਰਦੀ ਅਤੇ ਸਮਰਪਣ ਤੇ ਜ਼ੋਰ ਦਿੰਦਾ ਹੈ ਜੋ ਡਾਕਟਰਾਂ ਕੋਲ ਆਪਣੇ ਮਰੀਜ਼ਾਂ ਲਈ ਹੈ। ਇਹ ਉਨ੍ਹਾਂ ਦੀ ਉਸ ਭੂਮਿਕਾ ਨੂੰ ਕੇਂਦਰਿਤ ਕਰਦਾ ਹੈ ਜੋ ਉਹ ਕਿਸੇ ਬਿਮਾਰੀ ਜਾਂ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਆਰਾਮ ਅਤੇ ਦੇਖਭਾਲ ਪ੍ਰਦਾਨ ਕਰਨ ਵਿੱਚ ਨਿਭਾਉਂਦੇ ਹਨ।

ਇਸ ਮੌਕੇ ਡਾ. ਮਨੋਹਰ ਲਾਲ ਸਹਾਇਕ ਸਿਵਲ ਸਰਜਨ, ਡਾ. ਪ੍ਰਵੇਸ਼ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ , ਡਾ. ਗੁਰਬਿੰਦਰ ਕੌਰ ਜ਼ਿਲ੍ਹਾ ਟੀਕਾਕਰਨ ਅਫਸਰ ਅਤੇ ਸਿਵਲ ਹਸਪਤਾਲ ਬਰਨਾਲਾ ਦੇ ਡਾਕਟਰ ਸਾਹਿਬਾਨ ਹਾਜ਼ਰ ਸਨ।

# ਦਰਗਾਹ ਪੀਰ ਬਾਬਾ ਚਮਰੌੜ ਸ਼ਾਹ ਜੀ ਦਾ ਸਲਾਨਾ ਮੇਲਾ ਅਤੇ ਭੰਡਾਰਾ ਕਰਵਾਇਆ



ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ)- ਦਰਗਾਹ ਪੀਰ ਬਾਬਾ ਚਮਰੌੜ ਸ਼ਾਹ ਜੀ ਦਾ ਸਲਾਨਾ ਮੇਲਾ ਅਤੇ ਭੰਡਾਰਾ ਵਾਲਮੀਕਿ ਮਹੁੱਲਾ, ਨੇੜੇ ਕੋਆਪ੍ਰੇਟਿਵ ਸੁਸਾਇਟੀ ਮਾਛੀਵਾੜਾ ਸਾਹਿਬ ਵਿਖੇ ਕਰਵਾਇਆ। ਜਿਸ ਵਿੱਚ ਸਵੇਰ ਤੋਂ ਹੀ ਸੰਗਤਾਂ ਦੂਰੋ ਨੇੜੇ ਨਤਮਸਤਕ ਹੋਣ ਲਈ ਪਹੁੰਚੀਆਂ।

ਪ੍ਰਬੰਧਕਾਂ ਵਿੱਚੋਂ ਮੇਲੇ ਸੰਬੰਧੀ ਜਾਣਕਾਰੀ ਦਿੰਦਿਆ ਨੰਬਰਦਾਰ ਰੌਸ਼ਨ ਹੰਸ ਨੇ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਮੂਹ ਸ਼ਹਿਰ ਨਿਵਾਸੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਲਾਨਾ ਮੇਲਾ ਅਤੇ ਭੰਡਾਰਾ ਕਰਵਾਇਆ ਗਿਆ। ਜਿਸ ਵਿੱਚ ਸਭ ਤੋਂ ਪਹਿਲਾਂ ਸਵੇਰੇ ਮੀਆਂ ਭੂਰੇ ਸ਼ਾਹ ਜੀ ਵੱਲੋਂ ਪੀਰ ਬਾਬਾ ਜੀ ਦੀ ਅਰਦਾਸ ਬੇਨਤੀ ਕੀਤੀ ਗਈ, ਉਪਰੰਤ ਝੰਡਾ ਚੜਾਉਣ ਦੀ ਰਸਮ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ (ਰਜ਼ਿ) ਐੱਨ.ਜੀ.ੳ ਦੇ ਪ੍ਰਧਾਨ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਵੱਲੋਂ ਕੀਤੀ ਗਈ। ਲੰਗਰ ਦੀ ਸ਼ੁਰੂਆਤ ਪਰਮਿੰਦਰ ਤਿਵਾੜੀ (ਬਲਾਕ ਪ੍ਰਧਾਨ ਕਾਂਗਰਸ) ਅਤੇ ਵਨੀਤ ਕੁਮਾਰ ਝੜੌਦੀ (ਮੀਡੀਆ ਇੰਚਾਰਜ ਕਾਂਗਰਸ) ਵੱਲੋਂ ਸਾਂਝੇ ਰੂਪ ਵਿੱਚ ਕੀਤੀ ਗਈ। ਸਾਰਾ ਦਿਨ ਲੰਗਰ ਅਤੁੱਟ ਵਰਤਿਆ। ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਰਾਤ ਨੂੰ ਸਾਬਰ ਤਯਬ ਖਾਨ, ਸਹਾਰਨਪੁਰ ਵਾਲੇ ਅਤੇ ਪ੍ਰੇਮ ਸਾਗਰ ਬੱਗਣ ਐਂਡ ਪਾਰਟੀ ਵੱਲੋਂ ਕੱਵਾਲੀਆਂ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਸੇਵਾਦਾਰ ਜਸ਼ਨ ਪਾਮੇ, ਧੰਨਪੱਤ ਰਾਏ ਮੱਟੂ ਅਤੇ ਕੁਲਦੀਪ ਸਹੋਤਾ ਵੱਲੋਂ ਮੇਲੇ ਲਈ ਪੂਰੀ ਜਿਮੇਵਾਰੀ ਅਤੇ ਸੇਵਾ ਨਿਭਾਈ ਗਈ। ਮੇਲੇ ਦੌਰਾਨ ਆਏ ਮਹਿਮਾਨਾਂ ਨੂੰ ਪੂਰੀ ਪ੍ਰਬੰਧਕ ਟੀਮ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਪ੍ਰਬੰਧਕਾਂ ਚ ਸੀਨੀਅਰ ਬਜੁਰਗ ਆਗੂ ਪ੍ਰੇਮ ਸਾਗਰ ਪਾਮੇ, ਪਵਨ ਕੁਮਾਰ ਬੱਗਣ, ਬਾਬਾ ਸੇਵਾ ਸਿੰਘ, ਰਾਕੇਸ਼ ਕੁਮਾਰ ਪਾਮੇ, ਰਵੀ ਕੁਮਾਰ ਬਾਲੀ, ਜੋਗਿੰਦਰਪਾਲ ਮੱਟੂ, ਲਾਲ ਚੰਦ ਪਾਮੇ, ਜੈਮਲ ਕੁਮਾਰ ਬੱਗਣ, ਧਰਮਵੀਰ ਪਾਮੇ, ਮਿੰਕੂ ਹੰਸ, ਸੰਜੀਵ ਕੁਮਾਰ ਪਾਮੇ, ਡਾ ਮਨਪ੍ਰੀਤ ਸਿੰਘ, ਮੰਗਤ ਰਾਮ ਪਾਮੇ, ਜਗਦੀਸ਼ ਚਾਨਣਾ, ਅਜੈ ਕੁਮਾਰ ਘਾਰੂ, ਸਾਗਰ ਹੰਸ, ਨੀਰਜ ਮੱਟੂ, ਰਾਘਵ ਬੱਗਣ, ਟੋਨੀ ਪਾਮੇ, ਰਜਤ ਕੁਮਾਰ, ਦੀਪਕ ਪਾਮੇ, ਤਰੁਣ ਮੱਟੂ, ਹੈਪੀ ਪਾਮੇ, ਟਿੰਕੂ ਸਹੋਤਾ, ਲਕਸ਼ ਪਾਮੇ, ਭਾਰਗਵ ਚਾਨਣਾ, ਕੁਨਾਲ ਸਹੋਤਾ, ਹਰਸ਼ ਪਾਮੇ ਆਦਿ ਹਾਜ਼ਰ ਸਨ।

# ਡੇਰਾਬੱਸੀ 'ਚ ਮੌਨਸੂਨ ਦੀ ਪਹਿਲੀ ਬਰਸਾਤ ਨੇ ਖੋਲ੍ਹੀ ਕੌਂਸਲ ਦੇ ਪ੍ਰਬੰਧਾਂ ਦੀ ਪੋਲ੍ਹ



ਡੇਰਾਬਸੀ, (ਲੋਕ ਬਾਣੀ) ਡੇਰਾਬੱਸੀ 'ਚ ਪਈ ਮੌਨਸੂਨ ਦੀ ਪਹਿਲੀ ਬਰਸਾਤ ਨੇ ਨਗਰ ਕੌਂਸਲ ਦੇ ਪ੍ਰਬੰਧਾਂ ਦੀ ਪੋਲ੍ਹ ਖੋਲ੍ਹ ਕੇ ਰੱਖ ਦਿੱਤੀ ਹੈ। ਗਟਰਾਂ ਦੀ ਸਾਫ਼ ਸਫ਼ਾਈ ਅਤੇ ਲੀਕੇਜ ਦਰੁਸਤ ਨਾ ਕੀਤੇ ਜਾਣ ਕਾਰਨ ਪਾਣੀ ਲੋਕਾਂ ਦਾ ਘਰਾਂ ਵਿਚ ਵੜ੍ਹ ਗਿਆ । ਵਾਰਡ ਨੰਬਰ 11 ਗੁਲਾਬਗੜ੍ਹ ਰੋਡ 'ਦੀ ਪੈਂਦੀ ਗ਼ਲੀ ਨੰਬਰ 8 ਪ੍ਰੀਤ ਨਗਰ ਵਿਖੇ ਇੱਕ ਮਕਾਨ ਦੀ ਚਾਰ ਦੀਵਾਰੀ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਡਿੱਗ ਗਈ। ਕੌਂਸਲ ਪ੍ਰਸ਼ਾਸਨ ਦੇ ਮਾੜੇ ਪ੍ਰਬੰਧਾਂ ਕਾਰਨ ਸ਼ਹਿਰ ਵਾਸੀਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਨਗਰ ਕੌਂਸਲ ਦੇ ਉੱਚ ਅਧਿਕਾਰੀਆਂ ਤੋਂ ਗਟਰਾਂ ਦੀ ਸਾਫ਼ ਸਫ਼ਾਈ ਅਤੇ ਪਾਣੀ ਦੀ ਨਿਕਾਸੀ ਲਈ ਉਚਿਤ ਪ੍ਰਬੰਧ ਕਰਨ ਦੀ ਅਪੀਲ ਕੀਤੀ।

ਜਾਣਕਾਰੀ ਦਿੰਦਿਆ ਪ੍ਰੀਤ ਨਗਰ ਵਸਨੀਕ ਪੀੜਤ ਕਾਮਰੇਡ ਆਗੂ ਦੇਸ ਰਾਜ ਸ਼ਰਮਾ, ਅਸ਼ੋਕ ਸ਼ਰਮਾ, ਚੰਦਰ ਸੇਖ਼ਰ ਪਾਂਡੇ ਆਦਿ ਨੇ ਦੱਸਿਆ ਕਿ ਨਗਰ ਕੌਂਸਲ ਵੱਲੋਂ ਗ਼ਲੀਆਂ ਨੂੰ ਉੱਚਾ ਚੁੱਕਾ ਬਣਾ ਦਿੱਤਾ ਗਿਆ, ਜਿਸ ਨਾਲ ਉਨ੍ਹਾਂ ਦੇ ਘਰ ਗ਼ਲੀਆਂ ਤੋਂ ਨੀਵੇਂ ਹੋ ਗਏ। ਬਰਸਾਤ ਦੇ ਪਾਣੀ ਦੀ ਨਿਕਾਸੀ ਲਈ ਡਰੇਨਜ਼ ਸਿਸਟਮ ਦਾ ਪੱਧਰ ਅਤੇ ਸਫ਼ਾਈ ਨਾ ਹੋਣ ਕਾਰਨ ਪਾਣੀ ਉਨ੍ਹਾਂ ਦੇ ਘਰਾਂ ਵਿਚ ਵੜ੍ਹ ਜਾਂਦਾ ਹੈ। ਉਹ ਵਾਰ ਵਾਰ ਨਗਰ ਕੌਂਸਲ ਕੋਲ ਉਕਤ ਸਮੱਸਿਆ ਸਬੰਧੀ ਸ਼ਿਕਾਇਤਾਂ ਕਰ ਚੁੱਕੇ ਹਨ ਪਰੰਤੂ ਕੋਈ ਸੁਣਵਾਈ ਨਹੀਂ ਹੋ ਰਹੀ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਪਈ ਬਰਸਾਤ ਨਾਲ ਗ਼ਲੀਆਂ ਦੇ ਗਟਰਾਂ ਦੀ ਸਫ਼ਾਈ ਨਾ ਕੀਤੇ ਜਾਣ ਕਾਰਨ ਪਾਣੀ ਗ਼ਲੀਆਂ ਵਿਚ ਨਹਿਰਾਂ ਵਾਂਗ ਭਰ ਗਿਆ ਜੋ ਬਾਅਦ ਵਿੱਚ ਉਨ੍ਹਾਂ ਦੇ ਘਰਾਂ ਅੰਦਰ ਦਾਖ਼ਲ ਹੋ ਗਿਆ। ਬਰਸਾਤ ਦੇ ਪਾਣੀ ਨੇ ਉਨ੍ਹਾਂ ਦੇ ਘਰ ਦੀ ਚਾਰ ਦੀਵਾਰੀ ਵੀ ਤੋੜ ਦਿੱਤੀ। ਨਿਕਾਸੀ ਲਈ ਪਾਏ ਪਾਇਪਾਂ ਦਾ ਪਾਣੀ ਹੁਣ ਉਨ੍ਹਾਂ ਦੀ ਚਾਰਦੀਵਾਰੀ ਦੇ ਅੰਦਰ ਆ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਬਰਸਾਤ ਦੇ ਪਾਣੀ ਦੀ ਨਿਕਾਸੀ ਲਈ ਸੁਧਾਰ ਕਰਨ ਲਈ ਸਹੀ ਤਰੀਕੇ ਨਾਲ ਪਾਇਪ ਪਾਏ ਜਾਣ। ਉਨ੍ਹਾਂ ਕਿਹਾ ਕਿ ਕੌਂਸਲ ਵੱਲੋਂ ਸਮੇਂ ਸਿਰ ਕਾਰਵਾਈ ਨਾ ਕੀਤੀ ਗਈ ਤਾਂ ਇੱਥੇ ਬੀਮਾਰੀ ਫ਼ੈਲਣ ਦਾ ਖ਼ਦਸਾ ਹੈ।

# ਕੇਂਦਰ ਸਰਕਾਰ ਵਲੋ ਲਾਗੂ ਕਾਲੇ ਕਾਨੂੰਨ ਰੱਦ ਕਰਵਾਉਣ ਸਬੰਧੀ ਰੋਸ ਪ੍ਰਦਰਸ਼ਨ



ਧੂਰੀ (ਲੋਕ ਬਾਣੀ) ਕੇਂਦਰ ਸਰਕਾਰ ਵਲੋਂ ਪਿਛਲੇ ਸਾਲ ਸਮੁੱਚੀ ਵਿਰੋਧੀ ਧਿਰ ਨੂੰ ਲੋਕ ਸਭਾ ਦੇ ਸ਼ੈਸ਼ਨ ਵਿੱਚੋਂ ਸਸਪੈਂਡ ਕਰਕੇ ਤਿੰਨ ਫੌਜਦਾਰੀ ਕਾਨੂੰਨ ਮਨਮਰਜ਼ੀ ਨਾਲ ਪਾਸ ਕਰਵਾ ਲਏ ਗਏ। ਇਹ ਕਾਨੂੰਨ 1 ਜੁਲਾਈ 2024 ਤੋਂ ਸਮੁੱਚੇ ਭਾਰਤ ਵਿੱਚ ਲਾਗੂ ਕੀਤੇ ਜਾ ਰਹੇ ਹਨ। ਵੱਖ ਵੱਖ ਜਨਤਕ ਜਮਹੂਰੀ ਜਥੇਬੰਦੀਆ, ਕਿਸਾਨ ਯੂਨੀਅਨਾਂ ਵਲੋਂ ਤਹਿਸੀਲ ਦਫਤਰ ਅੱਗੇ ਧਰਨੇ ਲਾਏ ਗਏ ਅਤੇ ਕਾਲੇ ਕਾਨੂੰਨ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਇਸ ਮੌਕੇ ਸੰਸਾਰ ਪ੍ਰਸਿੱਧ ਲੇਖਿਕਾ ਅੰਰੁਧਤੀ ਰਾਏ, ਪ੍ਰੋਫੈਸਰ ਸੇਖ ਸੌਕਤ ਹੁਸੈਨ ਨੂੰ 14 ਸਾਲ ਪਹਿਲਾਂ ਕਸਮੀਰ ਵਿੱਚ ਕੇਂਦਰੀ ਸੈਨਿਕ ਬਲਾਂ ਵੱਲੋਂ ਕੀਤੇ ਜੁਲਮਾਂ ਵਿਰੁੱਧ ਦਿੱਤੇ ਬਿਆਨ ਨੂੰ ਅਧਾਰ ਬਣਾਕੇ ਜੇਲ੍ਹ ਭੇਜਣ ਦੀ ਸਾਜਿਸ਼ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ ਗਈ। ਨਵੇਂ ਲਾਗੂ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਰੋਸ ਪ੍ਰਦਰਸ਼ਨ ਦੋਰਾਨ ਐਸਡੀਐਮ ਦਫ਼ਤਰ ਧੂਰੀ ਅੱਗੇ ਵਿਰੋਧ ਪ੍ਰਦਰਸ਼ਨ ਕਰਕੇ ਐੱਸ ਡੀ ਐਮ ਨੂੰ ਮੰਗ ਪੱਤਰ ਸੌਂਪਿਆ ਗਿਆ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਹਰਪਾਲ ਸਿੰਘ , ਹਰਬੰਸ ਸਿੰਘ ਲੱਡਾ , ਅਮਰੀਕ ਸਿੰਘ ਕਾਂਝਲਾ ,ਜਮਹੂਰੀ ਅਧਿਕਾਰ ਸਭਾ ਦੇ ਬਸਾਖਾ ਸਿੰਘ, ਕੁਲਵਿੰਦਰ ਬੰਟੀ,ਤਰਕਸ਼ੀਲ ਆਗੂ ਰਜਿੰਦਰ ਰਾਜੂ , ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਦਰਸ਼ਨ ਸਿੰਘ ਕਿਲਾ ਹਕੀਮਾਂ , ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਵਿੰਦਰ ਸਿੰਘ ਬੇਨੜਾ, ਰਣਜੀਤ ਸਿੰਘ ਕਾਲਾਬੂਲਾ , ਰਣਜੀਤ ਸਿੰਘ ਜੀਤਾ ਜਮਹੂਰੀ ਕਿਸਾਨ ਸਭਾ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ , ਚਰਨਜੀਤ ਸਿੰਘ ਮੀਮਸਾ, ਚੰਦ ਸਿੰਘ ਪੈਰਾ ਮੈਡੀਕਲ ਯੂਨੀਅਨ, ਅਵਤਾਰ ਸਿੰਘ ਬੀਕੇਯੂ ਡਕੌਂਦਾ ਬੁਰਜਗਿਲ ਅਤੇ ਹੋਰ ਆਗੂਆਂ ਨੇ ਸੰਬੋਧਨ ਕਰਦਿਆ ਮੰਗ ਕੀਤੀ ਕਿ ਲੋਕ ਵਿਰੋਧੀ ਨਵੇਂ ਕਾਨੂੰਨ ਰੱਦ ਕੀਤੇ ਜਾਣ।

# ਮੁਸਲਿਮ ਟਾਈਗਰ ਫੋਰਸ ਪੰਜਾਬ ਦਾ ਸਥਾਪਨਾ ਦਿਵਸ ਸ਼ਾਨੋ ਸ਼ੌਕਤ ਨਾਲ ਸੰਪੰਨ

ਮਹਿਲ ਕਲਾਂ (ਲੋਕ ਬਾਣੀ) ਸੂਬਾਈ ਮੁਸਲਿਮ ਆਗੂ ਡਾਕਟਰ ਮਿੱਠੂ ਮੁਹੰਮਦ ਮਹਿਲ ਕਲਾਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਟਿਆਲ਼ਾ ਬੈਂਕ ਕਲੋਨੀ ਵਿਖੇ ਪੰਜਾਬ ਦੇ ਮੁਸਲਿਮ ਭਾਈਚਾਰੇ ਦਾ ਵੱਡਾ ਇਕੱਠ ਹੋਇਆ। ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜਿਲਿਆਂ ਦੇ ਮੁਸਲਿਮ ਆਗੂ ਸਾਹਿਬਾਨ ਇਕੱਤਰ ਹੋਏ। ਇਸ ਭਰਵੇਂ ਇਕੱਠ ਵਿੱਚ ਮੁਸਲਿਮ ਭਾਈਚਾਰੇ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਭਰਮੀ ਬਹਿਸ ਕੀਤੀ ਗਈ। ਪੰਜਾਬ ਭਰ ਚੋਂ ਆਏ ਮੁਸਲਿਮ ਭਾਈਚਾਰੇ ਨੇ ਮੁਸਲਿਮ ਟਾਈਗਰ ਫੋਰਸ ਪੰਜਾਬ ਦੇ ਮੁੱਖੀ ਵਜੋਂ ਅਦਨਾਨ ਅਲੀ ਖਾਨ ਪਟਿਆਲਾ ਨੂੰ ਆਪਣਾ ਮੁੱਖੀ ਚੁਣਿਆ। ਸਮੂਹ ਇਕੱਤਰ ਹੋਏ ਲੋਕਾਂ ਵੱਲੋਂ ਉਹਨਾਂ ਨੂੰ ਪਗੜੀ ਦੀ ਰਸਮ ਅਦਾ ਕੀਤੀ ਅਤੇ ਤੇ ਨਾਲ ਹੀ ਕਿਰਪਾਨ ਦੇ ਕੇ ਆਪਣਾ ਆਗੂ ਨਿਯੁਕਤ ਕੀਤਾ।

ਇਸ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਅਦਨਾਨ ਅਲੀ ਖਾਨ ਪਟਿਆਲਾ ਨੇ ਕਿਹਾ ਕਿ ਸਾਡੀ ਮੁੱਖ ਮੰਗ ਹੈ ਕਿ ਪੰਜਾਬ ਸਰਕਾਰ ਮੁਸਲਿਮ ਭਾਈਚਾਰੇ ਨੂੰ 5% ਰਿਜਰਵੇਸ਼ਨ, ਸਰਕਾਰੀ ਨੌਕਰੀਆਂ ਅਤੇ ਐਜੂਕੇਸ਼ਨ ਦਿੱਤੀ ਜਾਵੇ। ਪੰਜਾਬੀ ਮੁਸਲਿਮ ਭਾਈਚਾਰੇ ਦੀ ਦੂਜੀ ਵੱਡੀ ਮੰਗ ਹੈ ਕਿ ਪੰਜਾਬ ਵਕਫ ਬੋਰਡ ਨੂੰ ਐਸ.ਜੀ.ਪੀ.ਸੀ.(SGPC) ਦੀ ਤਰਜ ਤੇ ਧਾਰਮਿਕ ਸੰਸਥਾ ਐਲਾਨਿਆ ਜਾਵੇ। ਪੰਜਾਬ ਵਾਕਫ ਬੋਰਡ ਦਾ ਨਾਮ ਬਦਲ ਕੇ ਪੰਜਾਬ ਵਕਫ ਪ੍ਰਬੰਧਕ ਕਮੇਟੀ (PWPC) ਰੱਖਿਆ ਜਾਵੇ। ਪੰਜਾਬ ਦੇ ਹਰ ਜ਼ਿਲ੍ਹੇ ਵਿੱਚੋਂ ਪੰਜਾਬ ਵਕਫ ਬੋਰਡ ਦੇ ਮੈਂਬਰਾਂ ਦੀ ਚੋਣ ਪ੍ਰਕਿਰਿਆ ਰਾਹੀਂ ਚੁਣੇ ਜਾਣ ਦੀ ਕਾਨੂੰਨੀ ਵਿਵਸਥਾ ਕਾਇਮ ਕੀਤੀ ਜਾਵੇ। ਟਾਈਗਰ ਫੋਰਸ ਪੰਜਾਬ ਵੱਲੋਂ ਆਉਣ ਵਾਲੇ ਦਿਨਾਂ ਚ ਭਾਈਚਾਰੇ ਨੂੰ ਉੱਪਰ ਚੁੱਕਣ ਲਈ ਹਰ ਸ਼ਹਿਰ ਚ ਮਾਡਰਨ ਮਦਰਸਾ ਸਕੂਲ, ਮਰਕਜ, ਸਕਿਲ ਜੋਬ ਟ੍ਰੇਨਿੰਗ ਇੰਸਟੀਟਿਊਟ, ਜਿਸ ਵਿੱਚ ਕੰਪਿਊਟਰ ਸਕੂਲ , ਮੁਹੱਲਾ ਕਲੀਨਿਕ ਬਣਾਏ ਜਾਣਗੇ ਅਤੇ ਮੁਸਲਿਮ ਲੈਂਡ ਮਾਫੀਆ ਤੋਂ ਪੰਜਾਬ ਵਕਫ ਬੋਰਡ ਦੀ ਪ੍ਰੋਪਰਟੀ ਨੂੰ ਖ਼ਾਲੀ ਕਰਵਾਇਆ ਜਾਏਗਾ।

ਇਸ ਸਮੇਂ ਮੁਸਲਿਮ ਟਾਈਗਰ ਫੋਰਸ ਪੰਜਾਬ ਬੌਡੀ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਅਦਨਾਨ ਅਲੀ ਖਾਨ ਪਟਿਆਲਾ ਨੂੰ ਸੂਬਾ ਚੇਅਰਮੈਨ, ਰਿਆਜ਼ ਖਾਨ ਸੰਗਰੂਰ ਨੂੰ ਸੂਬਾ ਵਾਇਸ ਚੇਅਰਮੈਨ, ਮੁਹੰਮਦ ਮੁਸਤਫਾ ਨੂੰ ਹਰਿਆਣਾ ਦਾ ਚੇਅਰਮੈਨ,ਇਰਫਾਨ ਖਾਨ ਮਲੇਰਕੋਟਲਾ ਨੂੰ ਸੂਬਾ ਜਰਨਲ ਸਕੱਤਰ, ਡਾਕਟਰ ਮਿੱਠੂ ਮੁਹੰਮਦ ਮਹਿਲ ਕਲਾਂ ਨੂੰ ਸੂਬਾ ਪ੍ਰੈਸ ਸਕੱਤਰ, ਸਬੀਨਾ ਬੇਗਮ ਸੁਧਾਰ ਨੂੰ ਇਸਤਰੀ ਵਿੰਗ ਦਾ ਸੂਬਾ ਚੇਅਰਪਰਸਨ,ਆਰਿਫ਼ ਖਾਨ ਮਲੇਰਕੋਟਲਾ ਨੂੰ ਮੁੱਖ ਸਲਾਹਕਾਰ,ਹਾਮਿਦ ਚੌਹਾਨ ਨੂੰ ਮੁੱਖ ਬੁਲਾਰਾ, ਦਿਲਬਰ ਖਾਨ ਬਾਦਸ਼ਾਹਪੁਰ ਨੂੰ ਕੈਸ਼ੀਅਰ,ਗੁਲਾਮ ਨਬੀ ਸ਼ਾਹ ਨੂੰ ਜੁਆਇੰਟ ਸੈਕਟਰੀ,ਹਾਜੀ ਮੁਹੰਮਦ ਅਸਲਮ ਨੂੰ ਸਲਾਹਕਾਰ,ਤਾਰਿਕ ਅੰਮ੍ਰਿਤਸਰ ਅਤੇ ਅਨਵਰ ਅਲੀ ਨੂੰ ਸੂਬਾ ਕਮੇਟੀ ਮੈਂਬਰ ਨਿਯੁਕਤ ਕੀਤਾ ਗਿਆ। ਹਲਕਾ ਧੂਰੀ ਦੇ ਪਿੰਡ ਦੁਗਨੀ ਦੇ ਇਸਲਾਮੀਆ ਮਿਡਲ ਸਕੂਲ ਦੀ ਪੰਜਾਬ ਵਕਫ ਬੋਰਡ ਵੱਲੋਂ ਐਡ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ। ਇਸ ਸਮੇਂ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਦੇ ਆਗੂ ਸਾਹਿਬਾਨ ਫਿਰੋਜ਼ ਖਾਨ ਨਾਭਾ, ਸਾਦਿਕ ਧਬਲਾਨ,ਉਵੈਸ ਮਲੇਰਕੋਟਲਾ, ਮੁਹੰਮਦ ਮੁਰਸਲੀਨ ਬੱਸੀਆਂ, ਮੌਲਾਨਾ ਸਾਕਿਬ ਅੰਮ੍ਰਿਤਸਰ, ਹਾਕਮ ਖਾਨ, ਸ਼ੇਰ ਖਾਨ ਪਟਿਆਲਾ, ਇਕਬਾਲ ਰਾਏਕੋਟ, ਮੁਹੰਮਦ, ਇਕਬਾਲਦੀਨ ਜੇ.ਈ. ਬਰਨਾਲਾ,ਚਾਚਾ ਹਰਨੇਕ ਸਿੰਘ, ਹੈਪੀ ਖਾਸਪੁਰ, ਅਲੀ ਘਨੌਰ, ਮੰਗੀ ਖਾਨ ਸੰਗਰੂਰ,ਓਵੈਦ ਮਕਸੂਦ ਮਲੇਰਕੋਟਲਾ, ਮੁਹੰਮਦ ਕਾਸਿਫ, ਬੱਬੂ ਖਾਨ ਤੇ ਮੁਹੰਮਦ ਹਾਸ਼ਿਬ ਰਾਏਕੋਟ, ਹੰਸਾ ਖਾਨ ਤੇ ਮੁਹੰਮਦ ਅਖਤਰ ਆੜਤੀਆ ਬਰਨਾਲਾ ਆਦਿ ਤੋਂ ਇਲਾਵਾ




ਸੈਂਕੜਿਆਂ ਦੀ ਗਿਣਤੀ ਵਿੱਚ ਮੁਸਲਿਮ ਆਗੂ ਹਾਜਰ ਸਨ।

ਮੁਸਲਿਮ ਟਾਈਗਰ ਫੋਰਸ ਪੰਜਾਬ ਦੀ ਪਹਿਲੀ ਮੀਟਿੰਗ 02 ਜੁਲਾਈ ਰਾਏਕੋਟ ਵਿਖੇ 12 ਵਜੇ ਰੱਖੀ ਗਈ ਹੈ।

# ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ

ਭਵਾਨੀਗੜ੍ਹ, (ਲੋਕ ਬਾਣੀ)-ਅੱਜ ਤਰਕਸੀਲ ਸੋਸਾਇਟੀ ਅਤੇ ਜਮਹੂਰੀ ਅਧਿਕਾਰ ਸਭਾ ਭਾਰਤ ਦੇ ਸੱਦੇ ਤੇ ਪੂਰੇ ਭਾਰਤ ਦੇ ਵਿੱਚ ਮੋਦੀ ਸਰਕਾਰ ਵੱਲੋਂ ਬਣਾਏ ਗਏ ਨਵੇਂ ਫੌਜਦਾਰੀ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਤਰਕਸ਼ੀਲ ਸੋਸਾਇਟੀ ਦੇ ਪ੍ਰਧਾਨ ਚਰਨਜੀਤ ਸਿੰਘ ਪਟਵਾਰੀ ਦੀ ਅਗਵਾਈ ਹੇਠ ਭਵਾਨੀਗੜ੍ਹ ਤਹਿਸੀਲ ਕੰਪਲੈਕਸ ਵਿਖੇ ਵੀ ਨਵੇਂ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਗਈਆਂ। ਅੱਜ ਦੇ ਪ੍ਰੋਗਰਾਮ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਅਤੇ ਬੀਕੇਯੂ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਬੀਕੇਯੂ ਰਾਜੇਵਾਲ ਦੇ ਬਲਾਕ ਸਕੱਤਰ ਮਾਸਟਰ ਗਿਆਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਵੇਂ ਕਾਨੂੰਨਾਂ ਤਹਿਤ ਲਹਿਰ ਨੂੰ ਦੱਬਣ ਦੀ ਅਤੇ ਲੋਕ ਆਗੂਆਂ ਤੇ ਕਾਰਵਾਈ ਕਰਨ ਦੀ ਖੁੱਲ ਦਿੱਤੀ ਗਈ ਹੈ ਇਸ ਮੌਕੇ ਆਗੂਆਂ ਨੇ ਕਿਹਾ ਕਿ ਇਹ ਸਾਰਾ ਕੁੱਝ ਸਰਕਾਰ ਡਰ ਵਿੱਚੋਂ ਕਰ ਰਹੀ ਹੈ ਕਿਉਂਕਿ ਜੋ ਲੋਕ ਲਹਿਰ ਨੂੰ ਦੱਬਣ ਪੱਖ ਦੇ ਨਵੇਂ ਲਿਆਂਦੇ ਗਏ ਹਨ। ਇਹਨਾਂ ਕਾਨੂੰਨਾਂ ਨੂੰ ਵਾਪਸ ਕਰਵਾਉਣ ਤੋ ਲੋਕ ਕਦੇ ਵੀ ਨਹੀਂ ਡਰਨਗੇ ਅਤੇ ਕਾਨੂੰਨਾਂ ਦੇ ਵਿੱਚ ਸੋਧਾਂ ਇਸ ਤਰੀਕੇ ਨਾਲ ਕੀਤੀਆਂ ਗਈਆਂ ਨੇ ਕਿ ਇੱਕ ਥਾਣੇਦਾਰ ਨੂੰ ਇਹ ਅਧਿਕਾਰ ਦੇ ਤੇ ਕਿ ਪਹਿਲਾਂ ਜਦੋਂ ਕੋਈ ਛੋਟੇ ਤੋਂ ਛੋਟੇ ਵੱਡੇ ਤੋਂ ਵੱਡੇ ਕੇਸ ਦੇ ਵਿੱਚ ਥਾਣੇਦਾਰ ਨੂੰ ਇਹ ਅਧਿਕਾਰ ਹੁੰਦਾ ਸੀ ਵੀ ਉਹ 24 ਘੰਟਿਆਂ ਦੇ ਵਿੱਚ ਜੱਜ ਦੇ ਅੱਗੇ ਪੇਸ਼ ਕਰਨਾ ਹੁੰਦਾ ਸੀ ਮੁਰਜਮ ਨੂੰ ਪਰ ਇਹਨਾਂ ਨੇ ਅਧਿਕਾਰ ਦੇ ਦਿੱਤੇ ਕਿ ਥਾਣੇਦਾਰ ਚਾਹੇ ਦੋ ਮਹੀਨੇ ਰੱਖ ਲਏ ਚਾਹੇ ਅਧਿਕਾਰ ਦੇ ਤੇ ਕਿ ਜੇ ਅੱਗੇ ਜੱਜ ਕੋਲੇ ਰਿਮਾਂਡ ਲੈਣ ਵਾਸਤੇ ਜਾਂਦੇ ਜੱਜ ਰਿਮਾਂਡ 15 ਦਿਨਾਂ ਦਾ 20 ਦਿਨਾਂ ਦਾ ਰਿਮਾਂਡ ਦਿੰਦਾ ਹੁਣ ਯਾਨੀ ਇਹ ਰਿਮਾਂਡ ਦਾ ਇਹ ਕਹਿ ਤਾ ਕਿ ਜੱਜ ਕੋਲੇ ਜਾਣ ਦੀ ਲੋੜ ਨਹੀਂ ਹੈ ਥਾਣੇਦਾਰ ਥਾਣੇ ਦੇ ਵਿੱਚ ਹੀ ਬਹਿ ਕੇ ਰਿਮਾਂਡ ਆ ਜਿਹੜਾ 60 ਦਿਨਾਂ ਤੋਂ 90 ਦਿਨਾਂ ਤੱਕ ਯਾਨੀ ਖੁੱਲੀ ਜੇਲ ਦੇ ਵਿੱਚ ਥਾਣਿਆਂ ਨੂੰ ਤਬਦੀਲ ਕਰਿਆ ਜਾ ਰਿਹਾ ਇਹ ਲੋਕ ਲਹਿਰ ਦੇ ਉੱਤੇ ਹਮਲਾ ਕਿਉਂਕਿ ਲੋਕ ਲਹਿਰ ਆ ਜਿਹੜੀ ਉਹਨੇ ਇੱਥੇ ਪਬਲਿਕ ਅਦਾਰੇ ਬਚਾਏ ਹੋਏ ਨੇ ਇਹ ਕਿਸਾਨਾਂ ਦੀਆਂ ਜਮੀਨਾਂ ਲੋਕ ਲਹਿਰ ਕਰਕੇ ਬਚੀਆਂ ਹੋਈਆਂ ਨੇ ਬਿਜਲੀ ਬੋਰਡ ਲੋਕ ਲਹਿਰ ਕਰਕੇ ਬਚਿਆ ਹੋਇਆ ਜਿਹੜੇ ਹਸਪਤਾਲ ਮਾੜੇ ਮੋਟੇ ਸਾਂਘਦੇ ਨੇ ਉਹ ਲੋਕ ਲਹਿਰ ਕਰਕੇ ਬਚੇ ਹੋਏ ਹਨ ਇਸ ਕਰਕੇ ਲੋਕ ਲਹਿਰ ਨੂੰ ਦੱਬਣ ਦੀਆ ਇਹ ਖੁੱਲੀਆਂ ਛੋਟਾਂ ਦਿੱਤੀਆਂ ਜਾ ਰਹੀਆਂ ਨੇ ਇਸ ਕਰਕੇ ਇਹਨਾਂ ਕਾਨੂੰਨਾਂ ਦੇ ਵਿੱਚ ਜਾਨੀ ਅੱਗੇ ਇਹਨਾਂ ਨੇ ਇਹ ਕੀਤਾ ਹੈਗਾ ਜੇ ਅੱਗੇ ਕਿਤੇ ਲੜਾਈ ਝਗੜਾ ਹੋ ਜਾਂਦਾ ਕਿਤੇ ਉਹ ਲੜਾਈ ਝਗੜੇ ਦੇ ਵਿੱਚ ਜੇ ਕੋਈ ਦੇਖ ਰਿਹਾ ਜਿਹੜਾ ਵਿਅਕਤੀ ਆ ਉਹ ਫੋਨ ਕਰਦਾ ਐਸ ਐਚ ਓ ਨੂੰ ਕਿ ਤੁਸੀਂ ਇੱਥੇ ਫਲਾਣੀ ਥਾਂ ਤੇ ਲੜਾਈ ਝਗੜਾ ਹੋ ਰਿਹਾ ਜੀ ਇੱਥੇ ਕੋਈ ਨੁਕਸਾਨ ਨਾ ਹੋ ਜੇ ਇਹਨਾਂ ਨੇ ਇਹ ਕਰਤਾ ਕਿ ਲੜਾਈ ਝਗੜਾ ਦੀ ਥਾਂ ਦੇ ਉੱਤੇ ਜੇ ਉਹ ਐਸ ਐਚ ਓ ਜਾਊਗਾ ਬਾਅਦ ਚ ਜਿਹੜੇ ਬੰਦੇ ਨੇ ਫੋਨ ਕੀਤਾ ਯਾਨੀ ਕਹਿੰਦੇ ਜੇ ਉਹ ਬੰਦਾ ਨਹੀਂ ਪਾਇਆ ਜਾਊਗਾ ਤਾਂ ਉਹਦੇ ਤੇ ਪਰਚਾ ਦਰਜ ਹੋਊਗਾ ਅੱਗੇ ਜਿਹੜਾ ਆਪਾਂ ਜਦੋਂ ਕੋਈ ਕਿਸੇ ਨੂੰ ਫੜਨ ਵਾਸਤੇ ਜਾਂਦੇ ਪੁਲਿਸ ਨੂੰ ਆਪਾਂ ਇਹ ਕਹਿੰਦੇ ਹੁੰਦੇ ਕਿ ਪੁਲਿਸ ਤਾਂ ਭਾਈ ਰਿਸਵਤ ਮੰਗਦੀ ਆ ਉਹ ਤਾਂ ਗੱਡੀ ਮੰਗਦੀ ਆ ਹੁਣ ਜਾਨੀ ਇਹਨਾਂ ਨੇ ਹਦਾਇਤਾਂ ਕਰਤੀਆਂ ਕਿ ਜਿਹੜਾ ਬੰਦਾ ਕੋਈ ਸ਼ਿਕਾਇਤ ਕਰਤਾ ਉਹ ਪੁਲਿਸ ਨੂੰ ਗੱਡੀ ਕਰਾ ਕੇ ਦੇਊਗਾ ਪੁਲਿਸ ਉਹਨੂੰ ਨਾਲ ਲੈ ਕੇ ਜਾਊਗੀ ਅਤੇ ਉਹਦੀ ਸ਼ਨਾਖਤ ਕਰੂਗਾ ਜਿਹਨੂੰ ਚੱਕਣਾ। ਇਸ ਕਰਕੇ ਜਿਹੜੇ ਕਾਲੇ ਕਾਨੂੰਨਾਂ ਦੇ ਵਿੱਚ ਉਹ ਹੁਣ ਇੱਥੋਂ ਦੀ ਹਕੂਮਤ ਨੇ ਸੋਧਾ ਕੀਤੀਆਂ ਨੇ ਅੱਜ ਜਮਹੂਰੀ ਅਧਿਕਾਰ ਸਭਾ ਦੇ ਵੱਲੋਂ ਅਤੇ ਤਰਕਸ਼ੀਲ ਸੁਸਾਇਟੀ ਦੇ ਸੱਦੇ ਤੇ ਆਈਆਂ ਜਥੇਬੰਦੀਆਂ ਨੇ ਭਵਾਨੀਗੜ੍ਹ ਤਹਿਸੀਲ ਕੰਪਲੈਕਸ ਦੇ ਅੱਗੇ ਆ ਨਵੇਂ ਕਾਨੂੰਨਾਂ ਦੀਆਂ ਕਾਪੀਆਂ ਸਾੜੀਆਂ ਅਤੇ ਤਹਸੀਲਦਾਰ ਨੂੰ ਮੰਗ ਪੱਤਰ ਦਿੱਤਾ ਕਿ ਚਾਹੇ ਪ੍ਰੋਫੈਸਰ ਅਰਧੂਤੀ ਰਾਏ ਪ੍ਰੋਫੈਸਰ ਸੌਖਤ ਹੁਸੈਨ ਨੇ ਉਹਨਾਂ ਤੇ ਜਿਹੜਾ ਯੂਏਪੀ ਦਾ ਝੂਠਾ ਪਰਚਾ ਪਾਇਆ ਹੈ ਉਹਨੂੰ ਰੱਦ ਕੀਤਾ ਜਾਵੇ ਜਿਹੜੇ ਲੋਕ ਵਿਰੋਧੀ ਕਾਲੇ ਕਾਨੂੰਨ ਨੇ ਇਹਨਾਂ ਨੂੰ ਰੱਦ ਕੀਤਾ ਜਾਵੇ ਜੇਕਰ ਇਹ ਕਾਲੇ ਕਾਨੂੰਨ ਰੱਦ ਨਾ ਹੋਵੇ ਤਾਂ ਲੋਕ ਆਉਣ ਵਾਲੇ ਦਿਨਾਂ ਚ ਵੱਡੇ ਸੰਘਰਸ਼ ਲੜਨਗੇ ਹਕੂਮਤ ਇਸ ਭੁਲੇਖੇ ਚ ਨਾ ਰਹੇ ਮੋਦੀ ਦੀ ਕਿ ਇਸ ਤਰੀਕੇ ਨਾਲ ਲੋਕਾਂ ਨੂੰ ਡਰਾ ਦਿਆਂਗੇ ਇਹ ਅੰਗਰੇਜ਼ਾਂ ਨੇ ਵੀ ਲਿਆਂਦੇ ਨੇ ਕਾਨੂੰਨ ਰੋਲ ਐਕਟ ਵਰਗੇ ਕਾਨੂੰਨ ਜਦੋਂ ਅੰਗਰੇਜ਼ਾਂ ਦੇ ਲਿਆਂਦੇ ਜਿਲਿਆਂ ਵਾਲੇ ਬਾਗ ਤਹਿਤ ਹਮਲਾ ਕੀਤਾ ਉਹ ਅੰਗਰੇਜ਼ ਇੱਥੇ ਨਹੀ ਰਹੇ ਇਸ ਕਰਕੇ ਕਾਲੇ ਕਾਨੂੰਨ ਲੋਕਾਂ ਨੇ ਰਹਿਣ ਨਹੀਂ ਦੇਣੇ ਆਉਣ ਵਾਲੇ ਦਿਨਾਂ ਚ ਅਸੀਂ ਇਹਦੇ ਤੇ ਵੱਡੀ ਲੜਾਈ ਲੜਾਂਗੇ ਇਸ ਮੌਕੇ ਕਿਸਾਨ ਆਗੂ ਹਰਜਿੰਦਰ ਸਿੰਘ ਘਰਾਚੋਂ, ਹਰਜੀਤ ਸਿੰਘ ਮਹਿਲਾ, ਕਰਮ ਸਿੰਘ ਬਲਿਆਲ, ਚਮਕੌਰ ਸਿੰਘ ਭੱਟੀਵਾਲ ਸਮੇਤ ਹੋਰ ਵੀ ਕਿਸਾਨ ਸ਼ਾਮਲ ਹੋਏ।

